# ਪ੍ਰਾਸਪੈਕਟਸ
## 2017-18




# ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ
## GOVT. BIKRAM COLLEGE OF COMMERCE, PATIALA

(ਸਥਾਪਿਤ-1945)

ਫੋਨ: 0175 2220493 ਫੈਕਸ: 0172 2307797
ਈ-ਮੇਲ : gbcpatiala1@gmail.com
website: www.gbcpatiala.ac.in



# ਸੰਦੇਸ਼



ਨਿਰੰਤਰ ਬਦਲਦੇ ਅਤੇ ਚੁਣੌਤੀਆਂ ਭਰੇ ਅਜੋਕੇ ਯੁੱਗ ਵਿੱਚ ਸਫ਼ਲ ਵਿਅਕਤੀ ਬਣਨ ਲਈ ਉੱਚ-ਪੱਧਰੀ ਵਿੱਦਿਆ ਹਾਸਲ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਕਿਸੇ ਸ੍ਰੇਸ਼ਠ ਵਿਦਿਅਕ ਸੰਸਥਾ ਵਿੱਚ ਦਾਖਲਾ ਲੈਣਾ ਅਤਿ ਮਹੱਤਵਪੂਰਨ ਹੋ ਜਾਂਦਾ ਹੈ। ਕਾਮਰਸ ਸਿੱਖਿਆ ਲਈ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਆਪਣੀਆਂ ਵਿਲੱਖਣ ਅਕਾਦਮਿਕ ਅਤੇ ਸਹਿ-ਵਿਦਿਅਕ ਪ੍ਰਾਪਤੀਆਂ ਕਰਕੇ ਇਸਦੀ ਇੱਕ ਵੱਖਰੀ ਤੇ ਨਿਵੇਕਲੀ ਪਛਾਣ ਹੈ। ਇਹ ਸੰਸਥਾ ਕਾਮਰਸ ਦੀ ਸਭ ਤੋਂ ਪੁਰਾਣੀ ਪੋਸਟ ਗ੍ਰੈਜੂਏਟ ਸਹਿ-ਸਿੱਖਿਆ ਸੰਸਥਾ ਹੈ। ਆਰਥਿਕਤਾ ਦੇ ਵਿਸ਼ਵੀਕਰਣ ਅਤੇ ਉਦਾਰੀਕਰਣ ਨਾਲ ਆਈਆਂ ਤਬਦੀਲੀਆਂ ਕਾਰਨ ਵਣਜ ਦੇ ਖੇਤਰ ਵਿੱਚ ਅਨੇਕਾਂ ਨਵੇਂ ਰਾਹ ਖੁੱਲ੍ਹੇ ਹਨ ਇਨ੍ਹਾਂ ਚੁਣੋਤੀਆਂ ਦਾ ਸਾਹਮਣਾ ਕਰਨ ਲਈ ਸਾਡੀ ਸੰਸਥਾ ਪੂਰੀ ਤਰ੍ਹਾਂ ਵਚਨਬੱਧ ਹੈ।

ਕਾਮਰਸ ਦਾ ਖੇਤਰ ਸਨਮਾਨਯੋਗ ਰੁਜ਼ਗਾਰ ਪ੍ਰਾਪਤ ਕਰਨ ਲਈ ਢੁਕਵਾਂ ਖੇਤਰ ਹੈ। ਤੁਸੀਂ ਸਾਰਿਆਂ ਨੇ ਇਸ ਸੰਸਥਾ ਵਿੱਚ ਦਾਖਲਾ ਲੈਣ ਲਈ ਸਖਤ ਮਿਹਨਤ ਅਤੇ ਜੀਅ ਤੋੜ ਯਤਨ ਜ਼ਰੂਰ ਕੀਤੇ ਹੋਣਗੇ। ਮੈਂ ਆਸਵੰਦ ਹਾਂ ਕਿ ਇਸ ਕਾਲਜ ਦੇ ਸੁਯੋਗ, ਮਿਹਨਤੀ, ਸਿਰੜੀ ਅਤੇ ਸੁਹਿਰਦ ਅਧਿਆਪਕ ਅਤੇ ਸਮੂਹ ਦਫ਼ਤਰੀ ਅਮਲਾ ਤੁਹਾਡੇ ਇਸ ਕਾਲਜ ਵਿੱਚ ਆਉਣ ਅਤੇ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਪੂਰਨ ਸਹਿਯੋਗ ਦੇਣਗੇ। ਮੇਰੀ ਇਹ ਮਨੋ ਕਾਮਨਾ ਹੈ ਕਿ ਤੁਸੀਂ ਇਸ ਕਾਲਜ ਵਿੱਚ ਵਿੱਦਿਆ ਹਾਸਲ ਕਰਕੇ ਜ਼ਿੰਦਗੀ ਦੀ ਹਰ ਮੰਜ਼ਲ ਨੂੰ ਫ਼ਤਹਿ ਕਰਨ ਦੇ ਸਮਰੱਥ ਹੋਵੋ।

**ਡਾ. ਹਰਮਿੰਦਰ ਕੌਰ**
**ਪ੍ਰਿੰਸੀਪਲ**

*Message*

# VISION & MISSION

**VISION**

'Education for Total Formation'

To materialize the motto 'Education for Total Formation', the College aims to orient the young students towards academic excellence, personality development and social orientation to enable them to cope with the contemporary global scenario.

**MISSION**

To nurture skills and knowledge in the field of commerce that will facilitate the students to excel in academic, technological and social pursuits. The College strives to serve the nation by developing competitive pool of scholars in academia, industry and business with commitment, dedication and devotion.

**OBJECTIVES**

With the vision and mission clearly defined GBCC has the following formally stated objectives:

- To provide quality academic programme that would enhance student learning so as to make them creative and innovative.
- To develop the entrepreneurial and other skills to enable the students to become successful professionals, businessmen and industrialists who contribute in the national development.
- To focus on all-round development of the students' personality through the various academic and co-curricular activities so as to enable them to realize and maximize their potential, excel in their academic and non-academic fields and developing them to be global leaders of tomorrow.
- To maintain and promote quality, transparency, compliance and sustainability in governance and service delivery.
- To inculcate ethics, social and environmental consciousness among the staff and students for strong community building.
- To achieve all round self-reliance of the learners.
- To build interaction with leading national institutions to increase employability of learners.
- To provide continuous learning and skill enhancement opportunities to faculty members.
- To ensure outstanding environment-friendly infrastructure and facilities to its users.

## ਤਰਤੀਬ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਕਾਲਜ ਬਾਰੇ | 2 |
| 2. | ਅਧਿਆਪਕ ਮੰਡਲ | 3 |
| 3. | ਪ੍ਰਬੰਧਕੀ ਅਮਲਾ | 3 |
| 4. | ਅਧਿਐਨ ਦੇ ਕੋਰਸ | 4 |
| 5. | ਦਾਖਲੇ ਲਈ ਪਾਤਰਤਾ | 4 |
| 6. | ਅਕਾਦਮਿਕ ਸੈਸ਼ਨ ਦੌਰਾਨ ਪੜ੍ਹਾਏ ਜਾਣ ਵਾਲੇ ਵਿਸ਼ੇ | 5 |
| 7. | ਦਾਖਲੇ ਦੇ ਨਿਯਮ | 9 |
| 8. | ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖਲੇ ਸਬੰਧੀ ਵਿਸ਼ੇਸ਼ ਹਦਾਇਤਾਂ | 10 |
| 9. | ਫੇਕ ਯੂਨੀਵਰਸਿਟੀਆਂ ਦੀ ਸੂਚੀ | 10 |
| 10. | ਯੂਨੀਵਰਸਿਟੀ ਪ੍ਰੀਖਿਆਵਾਂ ਲਈ ਪਾਤਰਤਾ | 11 |
| 11. | ਰਾਖਵੀਆਂ ਸੀਟਾਂ | 12 |
| 12. | ਕਾਲਜ ਫੀਸ | 13 |
| 13. | ਰਿਆਇਤਾਂ, ਵਜੀਫੇ ਅਤੇ ਵਿਦਿਆਰਥੀ ਸਹਾਇਤਾ ਫੰਡ | 16 |
| 14. | ਲੈਕਚਰ ਸ਼ਾਰਟੇਜ, ਗੈਰਹਾਜਰੀ, ਜੁਰਮਾਨਾ, ਛੁੱਟੀਆਂ ਸਬੰਧੀ, ਟਿਊਟੋਰੀਅਲ ਸਿਸਟਮ ਅਤੇ ਅਨੁਸ਼ਾਸਨ ਸਬੰਧੀ ਨਿਯਮ, ਅਤਿ ਜ਼ਰੂਰੀ | 17 |
| 15. | ਸ਼ਨਾਖਤੀ ਕਾਰਡ ਅਤੇ ਕਾਲਜ ਛੱਡਣ ਸਬੰਧੀ ਨਿਯਮ | 18 |
| 16. | ਲਾਇਬਰੇਰੀ ਅਤੇ ਬੁੱਕ ਬੈਂਕ | 18 |
| 17. | ਸ਼ਿਕਾਇਤ ਨਿਵਾਰਣ ਕਮੇਟੀ | 18 |
| 18. | ਮਾਪੇ-ਅਧਿਆਪਕ ਸੰਸਥਾ | 19 |
| 19. | ਵਿਦਿਆਰਥੀ ਸਭਾਵਾਂ, ਐਨ.ਸੀ.ਸੀ., | 19 |
| 20. | ਐਨ.ਐਸ.ਐਸ. ਅਤੇ ਖੇਡਾਂ | 20 |
| 21. | ਕਾਲਜ ਮੈਗਜ਼ੀਨ | 20 |
| 22. | ਮੈਡੀਕਲ ਸਹਾਇਤਾ | 20 |
| 23. | ਹੋਸਟਲ | 20 |
| 24. | ਰਿਸਰਚ, ਕੌਂਸਲਿੰਗ ਅਤੇ ਪਲੇਸਮੈਂਟ ਸੈਲ | 21 |
| 25. | ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸੰਬੰਧੀ ਨਿਯਮ | 21 |
| 26. | ਅਤਿ ਜਰੂਰੀ ਨੋਟ ਕਰਨਯੋਗ | 24 |
| 27. | ਪੰਜਾਬੀ ਯੂਨੀਵਰਸਿਟੀ ਜਾਰੀ ਦਾਖਲਿਆ, ਪ੍ਰੀਖਿਆਵਾਂ ਅਤੇ ਛੁੱਟੀਆਂ ਦਾ ਸ਼ਡਿਊਲ | 24 |
| 28. | ਦਾਖ਼ਲੇ ਦਾ ਪ੍ਰੋਗਰਾਮ | 25 |

## ਕਾਲਜ ਬਾਰੇ/About College

ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਕਾਮਰਸ ਦੇ ਖੇਤਰ ਦੀ ਇੱਕ ਸਹਿ-ਸਿਖਿਆ ਸੰਸਥਾ ਹੈ। ਉੱਤਰੀ ਭਾਰਤ ਵਿਚ ਕਾਮਰਸ ਦਾ ਸਭ ਤੋਂ ਪੁਰਾਣਾ ਸਰਕਾਰੀ ਕਾਲਜ ਹੈ ਜੋ ਫਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਨੇ ਦਾਦਾ ਰਾਜਾ ਬਿਕਰਮ ਸਿੰਘ ਜੀ ਦੀ ਯਾਦ ਵਿਚ ਸੰਨ 1945 ਵਿਚ ਫਰੀਦਕੋਟ ਵਿਖੇ ਸਥਾਪਤ ਕੀਤਾ ਗਿਆ ਸੀ। ਬਾਅਦ ਵਿਚ ਸੰਨ 1955 ਵਿਚ ਇਸ ਕਾਲਜ ਨੂੰ ਪਟਿਆਲਾ ਵਿਖੇ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਤ ਸੀ ਪਰੰਤੂ 1962 ਤੋਂ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਉਪਰੰਤ ਇਹ ਕਾਲਜ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਚਲਿਆ ਆ ਰਿਹਾ ਹੈ।


ਰਾਜਾ ਬਿਕਰਮ ਸਿੰਘ (ਜਨਵਰੀ 1842-ਅਗਸਤ 1898)

ਅੱਜ ਜਦੋਂ ਸੰਸਾਰ ਪੱਧਰ ਤੇ ਵਿਕਾਸ ਦੇ ਅਨੇਕਾਂ ਸਾਧਨ ਅਤੇ ਖੇਤਰ ਮੌਜੂਦ ਹਨ ਉੱਥੇ ਕਾਮਰਸ ਦੇ ਖੇਤਰ ਵਿਚ ਵੀ ਵਿਕਾਸ ਅਤੇ ਰੁਜ਼ਗਾਰ ਦੀਆਂ ਅਨੇਕਾਂ ਅਤੇ ਉੱਨਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਅਸਲ ਵਿਚ ਕਾਮਰਸ ਅਜਿਹਾ ਮਲਟੀ ਫੈਕਲਟੀ ਖੇਤਰ ਹੈ ਜਿਸ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਵਿਚ ਖਾਸ ਤੌਰ ਤੇ ਬੈਂਕ, ਬੀਮਾ ਕੰਪਨੀਆਂ, ਲੇਖਾ, ਆਡਿਟ, ਕੰਪਨੀ ਸੈਕਟਰੀਸ਼ਿਪ, ਚਾਰਟਰਡ ਅਕਾਊਟੈਂਟਸ, ਮੈਨੇਜਮੈਂਟ ਅਕਾਂਊਟੈਂਟਸ, ਫਾਇਨੈਂਸ਼ੀਅਲ ਅਨਾਲਿਸਟਸ, ਕੰਪਨੀ ਕਾਨੂੰਨ, ਟੈਕਸ ਪ੍ਰੈਕਟਿਸ, ਮਾਰਕੀਟਿੰਗ ਅਤੇ ਵਿਕਰੇਤਾ ਖੇਤਰ, ਅੰਕੜਾ ਸੰਸਥਾਨ, ਪਲੈਨਿੰਗ ਬੋਰਡ, ਨਿੱਜੀ, ਸਰਕਾਰੀ ਅਤੇ ਸਹਿਕਾਰੀ ਖੇਤਰ, ਉਦਯੋਗਿਕ ਅਤੇ ਵਪਾਰਕ ਅਦਾਰਿਆਂ ਦੇ ਪ੍ਰਬੰਧ ਕਾਰਜ ਆਈ. ਏ. ਐਸ., ਆਈ. ਪੀ. ਐਸ., ਆਈ. ਆਰ. ਐਸ., ਪੀ. ਸੀ. ਐਸ (ਸਿਵਲ ਅਤੇ ਜੁਡੀਸ਼ੀਅਲ ਸੇਵਾਵਾਂ) ਅਤੇ ਅਧਿਆਪਨ ਆਦਿ ਦੇ ਖੇਤਰ ਵਿੱਚ ਨੌਕਰੀ ਪੇਸ਼ੇ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹਨ। ਇਸ ਕਾਲਜ ਤੋਂ ਬੀ.ਕਾਮ. ਅਤੇ ਐਮ.ਕਾਮ. ਕਰਕੇ ਗਏ ਵਿਦਿਆਰਥੀ ਇਨ੍ਹਾਂ ਸੰਸਥਾਵਾਂ ਵਿੱਚ ਉਚ ਅਹੁਦਿਆਂ ਉਤੇ ਤਾਇਨਾਤ ਹਨ ਅਤੇ ਦੂਰ ਦੂਰ ਤੱਕ ਇਸ ਕਾਲਜ ਦੀ ਖੁਸ਼ਬੂ ਨੂੰ ਫੈਲਾ ਰਹੇ ਹਨ। ਇਹ ਸਾਰਾ ਕੁਝ ਇਸ ਸੰਸਥਾ ਦੀ ਅਧਿਆਪਨ ਫੈਕਲਟੀ ਦੁਆਰਾ ਹੀ ਸੰਭਵ ਹੋ ਰਿਹਾ ਹੈ ਜੋ ਤਜਰਬੇ ਅਤੇ ਵਿਦਿਅਕ-ਯੋਗਤਾ ਵਿਚ ਉਚੇਰੀ ਮੁਹਾਰਤ ਰੱਖਦੀ ਹੈ।

ਪਿਛਲੇ ਕੁਝ ਸਾਲਾਂ ਵਿਚ ਤਾਂ ਇਸ ਕਾਲਜ ਨੇ ਬਹੁਤ ਵਿਕਾਸ ਕੀਤਾ ਹੈ ਅਤੇ ਇਸ ਸੰਸਥਾ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਸਹੂਲਤਾਂ ਅਤੇ ਸਾਧਨ ਜੁਟਾਉਣ ਵਿਚ ਕਾਲਜ ਪ੍ਰਬੰਧਕਾ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਕਾਲਜ ਵਿਚ ਵਿਦਿਆਰਥੀਆਂ ਦੀਆਂ ਆਮ ਲੋੜਾਂ ਤੋਂ ਉਪਰ ਉਠਕੇ ਉਨ੍ਹਾਂ ਲਈ ਆਧੁਨਿਕ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਲਈ ਕਾਲਜ ਵਿਚ ਮਲਟੀ-ਪਰਪਜ਼ ਹਾਲ, ਸੈਮੀਨਾਰ ਰੂਮ, ਨਵੀਂ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ ਕਾਲਜ ਦੀ 'ਲਾਇਬ੍ਰੇਰੀ' ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਾਮਰਸ ਅਤੇ ਹੋਰ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਹਨ, ਜਿਨ੍ਹਾਂ ਨੂੰ ਕੰਪਿਊਟਰਾਈਜ਼ਡ ਕੀਤਾ ਗਿਆ ਹੈ। ਕਾਲਜ ਵਿਚ 'ਰਿਸਰਚ ਕੋਂਸਲਿੰਗ ਅਤੇ ਪਲੇਸਮੈਂਟ ਸੈਲ' ਦੁਆਰਾ ਵਿਦਿਆਰਥੀਆਂ ਦੀ ਪਲੇਸਮੈਂਟ ਲਈ ਪੂਰੀ ਤਨਦੇਹੀ ਨਾਲ ਉਪਰਾਲੇ ਕੀਤੇ ਜਾਂਦੇ ਹਨ। ਬਿਨਾਂ ਸ਼ੱਕ ਇਸ ਖਿੱਤੇ ਵਿਚ ਕਾਮਰਸ ਦੀ ਇਹ ਇਕ ਸੰਪੂਰਨ ਅਤੇ ਸਫਲ ਵਿਦਿਅਕ ਸੰਸਥਾ ਹੈ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸਮਾਰਟ ਕਲਾਸ ਰੂਮਜ਼, ਸਾਈਲੈਂਟ ਆਟੋਮੈਟਿਕ ਜੈਨਰੇਟਰ ਸੈੱਟ, ਡੀਜੀਟਲ ਕੈਮਰੇ, ਸਰਵਿਲੈਂਸ ਸਿਸਟਮ ਵੀ ਉਪਲਬਧ ਕਰਵਾਏ ਗਏ ਹਨ। ਬਿਕਰਮ ਕਾਲਜ ਪਟਿਆਲਾ ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਤੋਂ ਲੱਗਭਗ ਦੋ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।



## ਪ੍ਰਿੰਸੀਪਲ : ਡਾ. ਹਰਮਿੰਦਰ ਕੌਰ ਪੀ.ਐਚ.ਡੀ., ਐਮ.ਐਸ.ਸੀ. (ਜੌਗਰਫੀ), ਪੀ.ਈ.ਐਸ. – I

## ਪ੍ਰਾਧਿਆਪਕ ਮੰਡਲ (TEACHING FACULTY)

### ਕਾਮਰਸ (COMMERCE)

1. ਪ੍ਰੋਫੈਸਰ (ਡਾ.) ਹਰਪ੍ਰੀਤ ਸਿੰਘ, ਪੀ.ਐਚ.ਡੀ., ਐਮ.ਕਾਮ., ਐਮ.ਏ. (ਇਕਨਾਮਿਕਸ), ਪੀ.ਈ.ਐਸ.-I
2. ਪ੍ਰੋਫੈਸਰ (ਡਾ.) ਕੁਸਮ ਬਾਂਸਲ, ਪੀ.ਐਚ.ਡੀ., ਐਮ.ਕਾਮ. (ਗੋਲਡ ਮੈਡਲਿਸਟ) ਬੀ.ਕਾਮ. (ਆਨਰਜ਼), ਯੂ.ਜੀ.ਸੀ.(ਨੈਟ), ਜੇ.ਪੀ.ਟੀ.(ਪੰਜਾਬ), ਪੀ.ਈ.ਐਸ.-I
3. ਐਸੋ. ਪ੍ਰੋ. (ਮੇਜਰ) ਸੰਦੀਪ ਮਹਾਜਨ, ਐਮ. ਫਿਲ., ਐਮ. ਕਾਮ., ਪੀ.ਈ.ਐਸ.-I
4. ਐਸੋ. ਪ੍ਰੋ. (ਡਾ.) ਵਨੀਤਾ ਗਰਗ, ਪੀ.ਐਚ.ਡੀ., ਐਮ. ਕਾਮ., ਪੀ.ਈ.ਐਸ.-I
5. ਡਾ. ਜੋਤੀ ਤਿਰਥਾਨੀ *, ਪੀ.ਐਚ.ਡੀ., ਐਮ.ਕਾਮ., ਐਮ.ਫਿਲ, ਪੀ.ਜੀ.ਡੀ.ਸੀ.ਏ., ਯੂ.ਜੀ.ਸੀ. ਨੈੱਟ
6. ਡਾ. ਰੇਖਾ *, ਪੀ.ਐਚ.ਡੀ., ਐਮ.ਕਾਮ., ਐਮ.ਫਿਲ., ਯੂ.ਜੀ.ਸੀ. ਨੈੱਟ, ਪੀ.ਜੀ.ਡੀ.ਸੀ.ਏ.
7. ਡਾ. ਰਿਤੂ ਕਪੂਰ *, ਪੀ.ਐਚ.ਡੀ., ਐਮ.ਕਾਮ., ਐਮ.ਫਿਲ., ਯੂ.ਜੀ.ਸੀ. ਨੈੱਟ

8-10. ਗੈਸਟ ਫੈਕਲਟੀ
11-12.ਖਾਲੀ

### ਅਰਥ ਸ਼ਾਸ਼ਤਰ (ECONOMICS)

1. ਪ੍ਰੋਫੈਸਰ (ਡਾ.) ਨਰਿੰਦਰ ਕੌਰ ਪੀ. ਐਚ. ਡੀ., ਐਮ.ਏ. ਪੀ.ਈ.ਐਸ.-I
2. ਐਸੋ. ਪ੍ਰੋ. ਇੰਦੂ ਬਾਲਾ, ਐਮ.ਫਿਲ., ਐਮ.ਏ., ਪੀ.ਈ.ਐਸ.-I
3. ਗੈਸਟ ਫੈਕਲਟੀ

4-5. ਖਾਲੀ

### ਅੰਗ੍ਰੇਜ਼ੀ (ENGLISH)

1. ਐਸੋ. ਪ੍ਰੋ. (ਡਾ.) ਪਰਮਿੰਦਰ ਸਿੰਘ ਰੇਖੀ, ਪੀ.ਐਚ.ਡੀ., ਐਮ.ਫਿਲ., ਐਮ.ਏ.,ਬੈਚੁਲਰ ਆਫ ਜਰਨਲਿਜਮ ਐਂਡ ਮਾਸ ਕਮਿਊਨੀਕੇਸ਼ਨ, (ਡਿਗਰੀ) ਪੀ.ਈ.ਐਸ.-I

### ਪੰਜਾਬੀ (PUNJABI)

1-2. ਗੈਸਟ ਫੈਕਲਟੀ

### ਗਣਿਤ (MATHEMATICS)

1. ਡਾ. ਜਸਪ੍ਰੀਤ ਕੌਰ *, ਪੀ.ਐਚ.ਡੀ., ਐਮ.ਸੀ.ਏ., ਐਮ.ਐਸ.ਸੀ. (ਆਈ.ਟੀ.), ਐਮ.ਐਸ.ਸੀ. (ਮੈਥ)

### ਕੰਪਿਊਟਰ (COMPUTER)

1. ਐਸੋ. ਪ੍ਰੋ. ਰਾਮ ਕੁਮਾਰ, ਐਮ.ਟੈਕ., ਐਮ.ਐਸ.ਸੀ. (ਆਨਰਜ), ਪੋਸਟ ਗਰੈਜੂਏਟ ਡਿਪਲੋਮਾ ਇਨ ਕੁਆਂਟੀਟੇਟਿਵ ਇਕਨਾਮਿਕਸ ਐਂਡ ਕੰਪਿਊਟਰ ਐਪਲੀਕੇਸ਼ਨਜ, ਪੀ.ਈ.ਐਸ.-I

### ਲਾਇਬਰੇਰੀ ਸਟਾਫ਼ (LIBRARY STAFF)

1. ਲਾਇਬ੍ਰੇਰੀਅਨ : ਸ੍ਰੀ ਬਰਜਿੰਦਰ ਪਾਲ ਧੀਮਾਨ, ਐਮ. ਲਿਬ. ਸਾਇੰਸ, ਐਮ. ਏ., ਪੀ.ਈ.ਐਸ.-I
2. ਲਾਇਬ੍ਰੇਰੀ ਰਿਸਟੋਰਰ : ਖਾਲੀ

### ਕਾਮਰਸ ਇੰਸਟਰੱਕਟਰਜ਼ (COMMERCE INSTRUCTORS)

1. ਸ੍ਰੀ ਮਤੀ ਸ਼ਸ਼ੀ ਬਾਲਾ, ਐਮ.ਏ., ਡਿਪਲੋਮਾ (ਸਟੈਨੋਗ੍ਰਾਫੀ)
2. ਸ੍ਰੀ ਮਤੀ ਬਲਜੀਤ ਕੌਰ, ਐਮ.ਫਿਲ., ਐਮ.ਏ. (ਪੰਜਾਬੀ), ਬੀ.ਐਡ.,ਗਿਆਨੀ, ਇੰਸਟਰੱਕਟਰ ਟਰੇਨਿੰਗ ਅਧਿਐਨ ਤੇ ਅਧਿਆਪਨ

### ਵੱਖ-ਵੱਖ ਗਤੀਵਿਧੀਆਂ ਇੰਚਾਰਜ

| | |
|---|---|
| 1. ਸੀਨੀਅਰ ਟਿਊਟਰ ਅਤੇ ਕਲਚਰਲ ਗਤੀਵਿਧੀਆਂ | ਡਾ. ਕੁਸਮ ਲਤਾ |
| 2. ਕਾਲਜ ਬਰਸਰ | ਡਾ. ਵਨੀਤਾ |
| 3. ਲੈਕਚਰ ਸ਼ੋਰਟੇਜ | ਪ੍ਰੋ. ਸੰਦੀਪ ਮਹਾਜਨ |
| 4. ਰਜਿਸਟਰਾਰ ਘਰੇਲੂ ਪ੍ਰੀ. ਤੇ ਟਾਇਮ ਟੇਬਲ | ਡਾ. ਜੋਤੀ ਤਿਰਥਾਨੀ |
| 5. ਡਿਪਟੀ ਰਜਿਸਟਰਾਰ ਤੇ ਘਰੇਲੂ ਪ੍ਰੀਖਿਆਵਾਂ | ਡਾ. ਜਸਪ੍ਰੀਤ ਕੌਰ |
| 6. ਐਨ.ਐਸ.ਐਸ. | ਡਾ. ਵਨੀਤਾ, ਪ੍ਰੋ. ਰਾਮ ਕੁ. ਡਾ. ਰੇਖਾ |
| 7. ਬੱਸ ਪਾਸ | ਸ੍ਰੀ ਬੀ.ਪੀ. ਧਿਮਾਨ |
| 8. ਫੀਸ ਮਾਫੀ, ਸਕਾਲਰਸ਼ਿਪ ਤੇ ਪਲੇਸਮੈਂਟ | ਪ੍ਰੋ. ਰਾਮ ਕੁਮਾਰ |
| 9. ਗਰੀਵੈਂਸ ਰੀਡਰੇਸਲ (ਲੜਕੇ) | ਡਾ. ਪੀ.ਐਸ. ਰੇਖੀ |
| 10. ਗਰੀਵੈਂਸ ਰੀਡਰੇਸਲ (ਲੜਕੀਆਂ) | ਡਾ. ਵਨੀਤਾ |
| 11. ਐਨ.ਸੀ.ਸੀ. | ਮੇਜਰ (ਪ੍ਰੋ.) ਸੰਦੀਪ ਮਹਾਜਨ |
| 12. ਹੋਸਟਲ (ਲੜਕੇ) | ਡਾ. ਪੀ.ਐਸ. ਰੇਖੀ |
| 13. ਹੋਸਟਲ (ਲੜਕੀਆਂ) | ਡਾ. ਜਸਪ੍ਰੀਤ ਕੌਰ |

### ਪ੍ਰਬੰਧਕੀ ਅਮਲਾ (ADMINISTRATIVE STAFF)

| | |
|---|---|
| 1. ਸ਼੍ਰੀ ਅਵਿਨਾਸ਼ ਕਾਂਤ | ਸੁਪਰਡੈਂਟ |
| 2. ਸ਼੍ਰੀ ਵਰਿੰਦਰ ਕੁਮਾਰ | ਜੂਨੀਅਰ ਸਹਾਇਕ |
| 3. ਸ਼੍ਰੀਮਤੀ ਕਿਰਨਜੀਤ ਕੌਰ | ਜੂਨੀਅਰ ਸਹਾਇਕ |
| 4. ਸ਼੍ਰੀਮਤੀ ਦੁਰਗਾ ਦੇਵੀ | ਸਟੈਨੋ-ਟਾਈਪਿਸਟ |

ਨੋਟ: * ਪਾਰਟ ਟਾਇਮ ਲੈਕਚਰਾਰ

## ਅਧਿਐਨ ਦੇ ਕੋਰਸ (COURSES OF STUDY)

| ਲੜੀ ਨੰ. ਕੋਰਸ | ਸਮਾਂ | ਪ੍ਰੀਖਿਆ ਪ੍ਰਣਾਲੀ | ਨਿਰਧਾਰਤ ਸੀਟਾਂ |
|---|---|---|---|
| ਸਰਕਾਰੀ ਬਿਕਰਮ ਕਾਲਜ ਆਫ ਕਾਮਰਸ ਵਿੱਚ ਚੱਲ ਰਹੇ ਕੋਰਸ | | | |
| 1. ਬੀ.ਕਾਮ. ਭਾਗ I,II ਅਤੇ III | ਤਿੰਨ ਸਾਲ | ਸਮੈਸਟਰ | 276 |
| 2. ਐਮ. ਕਾਮ. ਭਾਗ I ਅਤੇ II | ਦੋ ਸਾਲ | ਸਮੈਸਟਰ | 35 |
| ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS) ਅਧੀਨ ਚੱਲ ਰਹੇ ਕੋਰਸ | | | |
| 1. ਬੀ.ਸੀ.ਏ. ਭਾਗ I, II ਅਤੇ III | ਤਿੰਨ ਸਾਲ | ਸਮੈਸਟਰ | 46 |
| 2. ਪੀ.ਜੀ.ਡੀ.ਸੀ.ਏ. | ਇੱਕ ਸਾਲ | ਸਲਾਨਾ | 35 |
| 3. ਐਮ.ਐਸ.ਸੀ. (ਆਈ.ਟੀ.)-I ਅਤੇ II | ਦੋ ਸਾਲ | ਸਮੈਸਟਰ | 35 |
| 4. ਐਮ.ਐਸ.ਸੀ. (ਆਈ.ਟੀ.)-II (ਲੇਟਰਲ ਐਂਟਰੀ) | ਇਕ ਸਾਲ | ਸਮੈਸਟਰ | 35 |

## ਦਾਖਲੇ ਲਈ ਪਾਤਰਤਾ (Eligibility for Admission)

**ਬੀ.ਕਾਮ. ਭਾਗ ਪਹਿਲਾ (ਸਮੈਸਟਰ ਪ੍ਰਣਾਲੀ):**

ਬੀ. ਕਾਮ ਭਾਗ ਪਹਿਲਾ ਵਿੱਚ ਦਾਖਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਹੋਵੇਗਾ। ਜੋ ਇਸ ਪ੍ਰਕਾਰ ਹਨ:

ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪ੍ਰਵਾਨਤ ਸੰਸਥਾ ਤੋਂ 10+2 ਦੀ ਪ੍ਰੀਖਿਆ ਘੱਟੋ-ਘੱਟ ਨੰਬਰਾਂ ਨਾਲ ਹੇਠ ਲਿਖੇ ਅਨੁਸਾਰ ਪਾਸ ਕੀਤੀ ਹੋਵੇ :

1. ਕਾਮਰਸ ਗਰੁੱਪ ਦੇ ਵਿਦਿਆਰਥੀਆਂ ਲਈ ਕੁੱਲ ਨੰਬਰਾਂ ਦਾ 40% **ਜਾਂ**
2. ਹਿਊਮੈਨਟੀਅਜ਼ ਗਰੁੱਪ (ਘੱਟੋ-ਘੱਟ ਦੋ ਪੇਪਰ-ਕਾਮਰਸ/ਮੈਥ/ਅਕਾਊਂਟਸ/ਇਕਨਾਮਿਕਸ/ਮੈਨੇਜਮੈਂਟ) ਲਈ 45%

**ਜਾਂ**

3. ਬਾਕੀ ਦੇ ਅਜਿਹੇ ਵਿਦਿਆਰਥੀਆਂ ਜਿਹੜੇ ਉਪਰੋਕਤ ਦੋਹਾਂ ਸ਼੍ਰੇਣੀਆਂ ਵਿੱਚ ਨਹੀਂ ਆਉਂਦੇ ਉਨ੍ਹਾਂ ਲਈ ਕੁੱਲ ਨੰਬਰ ਦਾ 50%

**ਵਿਸ਼ੇਸ਼ ਕਥਨ: ਬੀ.ਕਾਮ. ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ 10+2 ਪ੍ਰੀਖਿਆ ਵਿੱਚ ਪਾਸ ਕੀਤੇ ਆਪਣੇ ਵਿਸ਼ੇ ਫ਼ਾਰਮ ਵਿੱਚ ਢੁੱਕਵੀਂ ਥਾਂ ਤੇ ਜ਼ਰੂਰ ਲਿਖਣਗੇ। ਜੇਕਰ ਕਿਸੇ ਕਾਰਨ 10+2 ਦਾ ਅੰਕ ਬਿਉਰਾ ਕਾਰਡ (D.M.C.) ਪ੍ਰਾਪਤ ਨਹੀਂ ਹੋਇਆ ਤਾਂ ਕਾਲਜ/ਸਕੂਲ ਦੇ ਪ੍ਰਿੰਸੀਪਲ ਤੋਂ ਇੱਕ ਸਰਟੀਫਿਕੇਟ ਲੈ ਕੇ ਦਿੱਤਾ ਜਾਵੇ ਕਿ ਵਿਦਿਆਰਥੀ ਨੇ 10+2 ਵਿੱਚ ਕਿਹੜੇ ਵਿਸ਼ੇ ਪੜ੍ਹੇ ਹਨ ਅਤੇ ਹਰੇਕ ਵਿਸ਼ੇ ਵਿੱਚ ਕਿੰਨੇ ਨੰਬਰ ਹਨ। ਮੈਰਿਟ ਨਿਰਧਾਰਿਤ ਕਰਨ ਲਈ, 10+2 ਵਿੱਚ ਜਿਹੜੇ ਵਿਦਿਆਰਥੀਆਂ ਨੇ Accountancy, Business Studies, Economics, Maths ਵਿਸ਼ਿਆਂ ਵਿਚੋਂ ਘੱਟੋਂ ਘੱਟ ਤਿੰਨ ਵਿਸ਼ੇ ਪਾਸ ਕੀਤੇ ਹੋਣ, ਉਹਨਾਂ ਨੂੰ 10% ਦੀ ਵੇਟੇਜ ਦਿੱਤੀ ਜਾਵੇਗੀ। ਜਿਸ ਉਮੀਦਵਾਰ ਨੇ Economics and Maths ਵਿਸ਼ੇ ਪਾਸ ਕੀਤੇ ਹੋਣਗੇ, ਉਸਨੂੰ 5% ਵੇਟੇਜ ਦਿੱਤੀ ਜਾਵੇਗੀ। ਉਮੀਦਵਾਰਰਾਂ ਦੇ ਹਾਸਲ ਅੰਕਾਂ ਦੀ ਪ੍ਰਤੀਸ਼ਤਤਾ ਉਸਦੇ 10+2 ਵਿੱਚ ਪੜ੍ਹੇ ਸਾਰੇ ਵਿਸ਼ਿਆਂ ਦੇ ਕੁੱਲ ਪ੍ਰਾਪਤ ਅੰਕਾਂ ਦੇ ਅਧਾਰ ਤੇ ਕੀਤੀ ਜਾਵੇਗੀ।**

**ਬੀ.ਕਾਮ. ਭਾਗ ਦੂਜਾ (ਸਮੈਸਟਰ ਪ੍ਰਣਾਲੀ) :** ਬੀ. ਕਾਮ ਭਾਗ ਦੂਜਾ ਵਿਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ, ਜਿਨਾਂ ਨੇ ਬੀ.ਕਾਮ. ਭਾਗ ਪਹਿਲਾ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ ਜਾਂ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿਚੋਂ ਪਾਸ ਹੋਵੇ।

ਜਿਨ੍ਹਾਂ ਵਿਦਿਆਰਥੀਆਂ ਨੇ ਬੀ.ਕਾਮ. ਭਾਗ ਪਹਿਲੇ ਦੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਇਲਾਵਾ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇਗੀ ਉਨਾਂ ਨੂੰ ਪਾਤਰਤਾ ਅਤੇ ਡੈਫੀਸਿਟ ਪੇਪਰਾਂ ਸਬੰਧੀ ਲੋੜੀਦਾ ਸਰਟੀਫਿਕੇਟ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕਰਨਾ ਹੋਵੇਗਾ।

**ਬੀ.ਕਾਮ. ਭਾਗ ਤੀਜਾ (ਸਮੈਸਟਰ ਪ੍ਰਣਾਲੀ) :** ਜਿਨ੍ਹਾਂ ਵਿਦਿਆਰਥੀਆਂ ਨੇ ਬੀ.ਕਾਮ ਦੂਜਾ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ ਉਹ ਵਿਦਿਆਰਥੀ ਇਸ ਕਲਾਸ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

**ਨੋਟ : ਇੱਕ ਵਿਸ਼ੇ ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀ ਨੂੰ ਅਗਲੀ ਕਲਾਸ ਵਿੱਚ ਦਾਖਲਾ ਦੇਣ ਸੰਬੰਧੀ ਵਿਚਾਰ ਸੀਟਾ ਦੀ ਉਪਲਭਤਾ ਅਨੁਸਾਰ ਹੀ ਕੀਤਾ ਜਾਵੇਗਾ।**

**ਐਮ. ਕਾਮ ਭਾਗ ਪਹਿਲਾ (ਸਮੈਸਟਰ ਪ੍ਰਣਾਲੀ) :** ਐਮ. ਕਾਮ ਭਾਗ ਪਹਿਲਾ ਦਾ ਦਾਖਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਹੋਵੇਗਾ। ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪਵਾਨਤ ਸੰਸਥਾ ਤੋਂ ਬੀ.ਕਾਮ., ਬੀ. ਬੀ. ਏ., ਬੀ. ਐਮ. ਆਈ. ਟੀ., ਬੀ. ਕਾਮ. (ਪ੍ਰੋਫੈਸ਼ਨਲ), ਬੀ. ਕਾਮ. (ਅਕਾਂਊਟਿੰਗ ਐਡ ਫਾਇਨਾਸ) ਦੀ ਪ੍ਰੀਖਿਆ ਘੱਟੋ-ਘੱਟ 50% ਨੰਬਰਾਂ ਨਾਲ ਪਾਸ ਕੀਤੀ ਹੋਵੇ ਦਾਖਲਾ ਲੈਣ ਯੋਗ ਹੋਵੇਗਾ। ਐਮ.ਕਾਮ.ਭਾਗ ਪਹਿਲਾ ਦਾ ਦਾਖਲਾ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਮੈਰਿਟ ਅਨੁਸਾਰ ਹੋਵੇਗਾ।

**ਐਮ.ਕਾਮ. ਭਾਗ ਦੂਜਾ (ਸਮੈਸਟਰ ਪ੍ਰਣਾਲੀ):** ਜਿਨਾਂ ਵਿਦਿਆਰਥੀਆਂ ਨੇ ਐਮ. ਕਾਮ. ਭਾਗ ਪਹਿਲਾ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ ਜਾਂ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿਚੋਂ ਪਾਸ ਹੋਵੇ। ਉਹ ਵਿਦਿਆਰਥੀ ਐਮ. ਕਾਮ. ਭਾਗ ਦੂਜਾ ਵਿਚ ਦਾਖਲਾ ਲੈ ਸਕਦੇ ਹਨ।

**ਬੀ.ਸੀ.ਏ. ਭਾਗ ਪਹਿਲਾ :** ਬੀ.ਸੀ.ਏ. ਭਾਗ ਪਹਿਲਾ ਵਿਚ ਦਾਖਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਸ਼ਰਤਾਂ / ਨਿਯਮਾਂ ਅਨੁਸਾਰ ਹੋਵੇਗਾ ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪ੍ਰਵਾਨਤ ਸੰਸਥਾ ਤੋਂ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਹ ਦਾਖਲਾ ਲੈਣ ਦਾ ਪਾਤਰ ਹੋਵੇਗਾ।

**ਬੀ.ਸੀ.ਏ. ਭਾਗ ਦੂਜਾ :** ਬੀ.ਸੀ.ਏ. ਭਾਗ ਦੂਜਾ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿਨ੍ਹਾਂ ਨੇ ਬੀ.ਸੀ.ਏ. ਭਾਗ ਪਹਿਲਾ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ ਜਾਂ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿਚੋਂ ਪਾਸ ਹੋਵੇ।



**ਬੀ.ਸੀ.ਏ. ਭਾਗ ਤੀਜਾ :** ਬੀ.ਸੀ.ਏ. ਭਾਗ ਤੀਜਾ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿਨ੍ਹਾਂ ਨੇ ਬੀ.ਸੀ.ਏ. ਭਾਗ ਦੂਜਾ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ।

**ਪੀ.ਜੀ.ਡੀ.ਸੀ.ਏ. :** ਕਿਸੇ ਵੀ ਵਿਸ਼ੇ ਵਿਚ ਬੈਚੂਲਰ ਡਿਗਰੀ ਪਾਸ ਕੀਤੀ ਹੋਵੇ।

**ਐਮ.ਐਸ.ਸੀ. (ਆਈ.ਟੀ. ਭਾਗ ਪਹਿਲਾ ਤੇ ਦੂਜਾ)**

**ਐਮ.ਐਸ.ਸੀ. (ਆਈ ਟੀ) ਲੇਟਰਲ ਐਂਟਰੀ) :** ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਪੀ.ਜੀ.ਡੀ.ਸੀ.ਏ. ਦੀ ਡਿਗਰੀ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

**ਐਡ ਆਨ ਕੋਰਸਿਜ਼ (Add on Courses)**

ਯੂ.ਜੀ.ਸੀ. ਦੀ ਕੈਰੀਅਰ ਓਰੀਐਂਟਿਡ ਪ੍ਰੋਗਰਾਮ ਦੀ ਸਕੀਮ ਅਧੀਨ ਇਸ ਕਾਲਜ ਵਿਚ ਬੀ.ਕਾਮ. ਦੇ ਨਾਲ ਨਾਲ ਕੰਪਿਊਟਰਾਈਜ਼ਡ ਅਕਾਂਉਟਿੰਗ ਵਿਸ਼ੇ ਵਿਚ ਸਰਟੀਫਿਕੇਟ ਕੋਰਸ, ਡਿਪਲੋਮਾ ਕੋਰਸ ਅਤੇ ਐਡਵਾਂਸ ਡਿਪਲੋਮਾ ਕੋਰਸ ਚਲਾਏ ਜਾ ਰਹੇ ਹਨ। ਇਹਨਾਂ ਕੋਰਸਾਂ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਨਿਰੋਲ ਮੈਰਿਟ ਦੇ ਆਧਾਰ ਤੇ ਯੂ.ਜੀ.ਸੀ./ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਹੀ ਦਿੱਤਾ ਜਾਵੇਗਾ। ਹਰੇਕ ਸਾਲ ਕੁਲ ਨਿਰਧਾਰਿਤ ਸੀਟਾਂ 40 ਹਨ।

## ਅਕਾਦਮਿਕ ਸੈਸ਼ਨ 2017-18 ਦੌਰਾਨ ਪੜ੍ਹਾਏ ਜਾਣ ਵਾਲੇ ਵਿਸ਼ੇ (Classwise Subjects for Academic Session 2017-18)

**ਇਸ ਅਕਾਦਮਿਕ ਸੈਸ਼ਨ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਨਵੇਂ ਸਿਲੇਬਸ ਆਉਣ ਤੇ ਇਹਨਾਂ ਵਿਸ਼ਿਆਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।**

**ਬੀ.ਕਾਮ. ਭਾਗ ਪਹਿਲਾ (ਸਮੈਸਟਰ ਪਹਿਲਾ) B. Com.-I (Semester - I)**

1. Punjabi (Compulsory)or(Punjabi Compulsory (Elementary Knowledge) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. English (Communication Skills) ਇੰਗਲਿਸ਼ (ਕਮਿਊਨੀਕੇਸ਼ਨ ਸਕਿੱਲਜ਼)
3. Financial Accounting-I ਫਾਇਨੈਂਸ਼ੀਅਲ ਅਕਾਊਂਟਿੰਗ-I
4. Business Laws-I ਬਿਜ਼ਨਸ ਲਾਅਜ-I
5. Computer Applications in Business ਕੰਪਿਊਟਰ ਐਪਲੀਕੇਸ਼ਨਜ਼ ਇਨ ਬਿਜ਼ਨਸ
6. Principles of Economics-I ਪ੍ਰਿੰਸੀਪਲਜ਼ ਆਫ਼ ਇਕਨਾਮਿਕਸ-I ਜਾਂ Vocational Subject : Office Management & Secretarial Practice : Typewriting & Shorthand-I ਵੋਕੇਸਨਲ ਵਿਸ਼ਾ: ਆਫਿਸ ਮੈਨੇਜਮੈਂਟ ਐਂਡ ਸੈਕਟੇਰੀਅਲ ਪ੍ਰੈਕਟਿਸ : ਟਾਇਪਰਾਇਟਿੰਗ ਐਂਡ ਸ਼ੋਰਟਹੈਂਡ-I

**ਬੀ.ਕਾਮ. ਭਾਗ ਪਹਿਲਾ (ਸਮੈਸਟਰ ਦੂਜਾ) B. Com.-I (Semester-II)**

1. Punjabi (Compulsory)or(Punjabi Compulsory (Elementary Knowledg) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. English (Communication Skills) ਇੰਗਲਿਸ਼ (ਕਮਿਊਨੀਕੇਸ਼ਨ ਸਕਿੱਲਜ਼)
3. Financial Accounting-II ਫਾਇਨੈਂਸ਼ੀਅਲ ਅਕਾਊਂਟਿੰਗ-II
4. Business Laws-II ਬਿਜ਼ਨਸ ਲਾਅਜ-II
5. Business Mathematics ਬਿਜ਼ਨਸ ਮੈਥੇਮੇਟਿਕਸ
6. Principles of Economics-II ਪ੍ਰਿੰਸੀਪਲਜ਼ ਆਫ਼ ਇਕਨਾਮਿਕਸ-II ਜਾਂ Vocational Subject ਵੋਕੇਸ਼ਨਲ ਵਿਸ਼ਾ

**ਬੀ.ਕਾਮ. ਭਾਗ ਦੂਜਾ (ਸਮੈਸਟਰ ਤੀਜਾ) B. Com.-II (Semester - III)**

1. Punjabi (Compulsory) or (Punjabi Compulsory (Elementary Knowledge) ਪੰਜਾਬੀ (ਲਾਜ਼ਮੀ) ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. English (Communication Skills) ਇੰਗਲਿਸ਼ (ਕਮਿਊਨੀਕੇਸ਼ਨ ਸਕਿੱਲਜ਼)
3. Principles of Business Management ਪ੍ਰਿੰਸੀਪਲਜ਼ ਆਫ਼ ਬਿਜ਼ਨਸ ਮੈਨੇਜਮੈਂਟ
4. Company Law ਕੰਪਨੀ ਲਾਅ ਜਾਂ ਵੋਕੇਸ਼ਨਲ ਵਿਸ਼ਾ
5. Corporate Accounting-I ਕਾਰਪੋਰੇਟ ਅਕਾਊਂਟਿੰਗ-I
6. Income Tax Law-I ਇਨਕਮ ਟੈਕਸ ਲਾਅ-I
7. Drug Abuse Problem Management & Prevention (Qualifying Paper)

**ਬੀ.ਕਾਮ. ਭਾਗ ਦੂਜਾ (ਸਮੈਸਟਰ ਚੌਥਾ) (B. Com.-II Semester - IV)**

1. Punjabi (Punjabi Compulsory (Elementary Knowledge) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. English (Communication Skills) ਇਗਲਿੰਸ਼ (ਕਮਿਊਨੀਕੇਸ਼ਨ ਸੰਕਿਲਜ਼)
3. Corporate Accounting-II ਕਾਰਪੋਰੇਟ ਅਕਾਊਟਿੰਗ-II
4. Auditing Practices ਆਡਿਟਿੰਗ ਪ੍ਰੈਕਟਿਸਜ਼
5. Income Tax Law-II ਇਨਕਮ-ਟੈਕਸ ਲਾਅ-II
6. Business Mathematics ਬਿਜ਼ਨੈਸ ਮੈਥੇਮੈਟਿਕਸ ਜਾਂ ਵੋਕੇਸ਼ਨਲ ਵਿਸ਼ਾ
7. Environment & Road Safety awareness (Qualifying Subject)

**ਬੀ.ਕਾਮ. ਭਾਗ ਤੀਜਾ ਸਮੈਸਟਰ ਪੰਜਵਾ (B. Com.-III Semester V)**

1. Punjabi (Compulsory)or(Punjabi Compulsory (Elementary Knowledge) ਪੰਜਾਬੀ (ਲਾਜ਼ਮੀ) / ਪੰਜਾਬੀ

ਕਮਯੂਨੀਕੇਸ਼ਨ ਸਕਿੱਲਸ – II

2. Computer Networks - ਕੰਪਿਊਟਰ ਨੈਟਵਰਕਸ
3. Management Information System ਮੈਨੇਜਮੈਂਟ ਇਨਫਰਮੇਸ਼ਨ ਸਿਸਟਮ
4. Computer Oriented Numerical and Statistical Methods ਕੰਪਿਊਟਰ ਓਰੀਐਂਟਿਡ ਨਿਊਮੈਰੀਕਲ ਸਟੈਟਿਸਟਿਕਲ ਮੈਥਡਜ਼
5. Relational Database Management Systems with Oracle ਰਿਲੇਸ਼ਨਲ ਡਾਟਾਬੇਸ ਮੈਨੇਜਮੈਂਟ ਸਿਸਟਮਜ਼ ਵਿਦ ਔਰੇਕਲ
6. Software Lab - VI (Based on paper BCA -224: Computer Oriented Numerical and Statistical Methods) ਸਾਫਟਵੇਅਰ ਲੈਬ – VI (ਬੇਸਡ ਔਨ ਪੇਪਰ ਬੀ.ਸੀ.ਏ.224: ਕੰਪਿਊਟਰ ਓਰੀਐਂਟਿਡ ਨਿਊਮੈਰੀਕਲ ਸਟੈਟਿਸਟਿਕਲ ਮੈਥਡਜ਼)
7. Software Lab - VII (Oracle Lab based on paper BCA-225: Database Management Systems with Oracle) ਸਾਫਟਵੇਅਰ ਲੈਬ – VII (ਔਰੇਕਲ ਲੈਬ ਬੇਸਡ ਔਨ ਪੇਪਰ ਬੀ.ਸੀ.ਏ.–225: ਡਾਟਾਬੇਸ ਮੈਨੇਜਮੈਂਟ ਸਿਸਟਮਜ਼ ਵਿਦ ਔਰੇਕਲ)
8. Environment Studies **(Qualifying Exam)** ਇਨਵਾਇਰਮੈਂਟ ਸਟੱਡੀਜ਼
9. Punjabi (Compulsory)or(Punjabi Compulsory) (Elementary Knowledge) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁਢੱਲਾ ਗਿਆਨ)

**ਬੀ.ਸੀ.ਏ. – III (B.C.A– III)**
**(ਸਮੈਸਟਰ – V) (Fifth Semester)**

1. English Literary Skills -I ਇੰਗਲਿਸ਼ ਲਿਟਰੇਰੀ ਸਕਿੱਲਸ – I
2. System Analysis and Design - ਸਿਸਟਮ ਐਨਾਲਾਇਸਿਸ ਅਤੇ ਡਿਜ਼ਾਇਨ
3. System Software - ਸਿਸਟਮ ਸੌਫਟਵੇਅਰ
4. Java Programming - ਜਾਵਾ ਪ੍ਰੋਗਰਾਮਿੰਗ
5. Web Designing using HTML and DHTML ਵੈਬ ਡਿਜ਼ਾਈਨਿੰਗ ਯੂਜ਼ਿੰਗ ਐਚ ਟੀ ਐਮ ਐਲ ਅਤੇ ਡੀ ਐਚ ਟੀ ਐਮ ਐਲ
6. Software Lab - IX (Based on paper BCA -314 : Java Programming) ਸੌਫਟਵੇਅਰ ਲੈਬ – IX (ਬੇਸਡ ਔਨ ਪੇਪਰ ਬੀ.ਸੀ.ਏ.–314 : ਜਾਵਾ ਪ੍ਰੋਗਰਾਮਿੰਗ)
7. Software Lab - X (based on paper BCA -315: Web Designing using HTML and DHTML) ਸੌਫਟਵੇਅਰ ਲੈਬ – X (ਬੇਸਡ ਔਨ ਪੇਪਰ ਬੀ.ਸੀ.ਏ.–315: ਵੈਬ ਡਿਜ਼ਾਈਨਿੰਗ ਯੂਜ਼ਿੰਗ ਐਚ ਟੀ ਐਮ ਐਲ ਅਤੇ ਡੀ ਐਚ ਟੀ ਐਮ ਐਲ)
8. Punjabi (Compulsory)or(Punjabi Compulsory) (Elementary Knowledge) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁਢੱਲਾ ਗਿਆਨ)

**ਬੀ.ਸੀ.ਏ. – III (B.C.A– III)**
**(ਸਮੈਸਟਰ – VI) (Sixth Semester)**

1. English Literary Skills - I ਇੰਗਲਿਸ਼ ਲਿਟਰੇਰੀ ਸਕਿੱਲਸ – I
2. E-Commerce - ਈ-ਕਾਮਰਸ
3. Operating Systems - ਓਪਰੇਟਿੰਗ ਸਿਸਟਮਸ
4. Software Engineering - ਸੌਫ਼ਟਵੇਅਰ ਇੰਜੀਨੀਰਿੰਗ
5. Web Designing using ASP.NET ਵੈਬ ਡਿਜ਼ਾਈਨਿੰਗ ਯੂਜ਼ਿੰਗ ਏ ਐਸ ਪੀ ਡਾਟ ਨੈਟ
6. Software Lab - XI (More on Java Based on BCA - 314 : Java Programming) ਸੌਫ਼ਟਵੇਅਰ ਲੈਬ – XI (ਮੋਰ ਔਨ ਜਾਵਾ ਬੇਸਡ ਔਨ ਬੀ.ਸੀ.ਏ.–314 : ਜਾਵਾ ਪ੍ਰੋਗਰਾਮਿੰਗ)
7. Software Lab - XII (based on BCA -325: Web Designing using ASP.NET) ਸੌਫ਼ਟਵੇਅਰ ਲੈਬ – XII (ਬੇਸਡ ਔਨ ਬੀ.ਸੀ.ਏ.–325: ਵੈਬ ਡਿਜ਼ਾਈਨਿੰਗ ਯੂਜ਼ਿੰਗ ਏ ਐਸ ਪੀ ਡਾਟ ਨੈਟ)
8. Punjabi (Compulsory)or(Punjabi Compulsory) (Elementary Knowledge) ਪੰਜਾਬੀ (ਲਾਜ਼ਮੀ) ਅਤੇ ਪੰਜਾਬੀ ਲਾਜ਼ਮੀ (ਮੁਢੱਲਾ ਗਿਆਨ)

**ਐਮ.ਐਸ.ਸੀ.(ਆਈ.ਟੀ.) – I (MSC(IT)– I)**
**(ਸਮੈਸਟਰ – I) (First- Semester)**

1. Introduction to Information Technology ਇੰਟਰੋਡਕਸ਼ਨ ਟੂਆਈ. ਟੀ.
2. Computer Programming Using C - ਕੰਪਿਊਟਰ ਪ੍ਰੋਗਰਾਮਿੰਗ ਯੂਜ਼ਿੰਗ ਸੀ
3. Computer Organizations & Architecture ਕੰਪਿਊਟਰ ਓਰਗੇਨਾਈਜੇਸ਼ਨ ਐਂਡ ਆਰਕੀਟੈਕਚਰ
4. Mathematical Foundation of Computer Science ਮੈਥਮੈਟਿਕਸ ਫ਼ਾਊਂਡੇਸ਼ਨ ਆਫ਼ਕੰਪਿਊਟਰ ਸਾਇੰਸ
5. Operating Systems ਓਪਰੇਟਿੰਗ ਸਿਸਟਮਸ
6. Programming Lab - I ਪ੍ਰੋਗਰਾਮਿੰਗ ਲੈਬ – I

**ਐਮ.ਐਸ.ਸੀ.(ਆਈ.ਟੀ.) – I (MSC(IT)– I)**
**(ਸਮੈਸਟਰ – II) (Second- Semester)**

1. Object Oriented Programming using C++ ਓਬਜੈਕਟ ਓਰੀਐਂਟਿਡ ਪ੍ਰੋਗਰਾਮਿੰਗ ਯੂਸਿੰਗ ਸੀ++
2. Data & File Structures - ਡਾਟਾ ਐਂਡ ਫਾਈਲ ਸਟਰਕਚਰਸ
3. Visual Basic - ਵਿਜ਼ੂਅਲ ਬੇਸਿਕ
4. RDBMS & Oracle - ਆਰ ਡੀ ਬੀ ਐਮ ਐਸ ਐਂਡ ਔਰੇਕਲ
5. Programming Lab - II - ਪ੍ਰੋਗਰਾਮਿੰਗ ਲੈਬ – II
6. Programming Lab - III - ਪ੍ਰੋਗਰਾਮਿੰਗ ਲੈਬ – III

**ਐਮ.ਐਸ.ਸੀ.(ਆਈ.ਟੀ.) – II (MSC(IT)– II)**
**(ਸਮੈਸਟਰ – III) (Third Semester)**

1. Web Technology - ਵੈਬ ਟੈਕਨਾਲੋਜੀ
2. Java Programming - ਜਾਵਾ ਪ੍ਰੋਗਰਾਮਿੰਗ
3. Software Engineering - ਸੌਫ਼ਅਵੇਅਰ ਇੰਜੀਨੀਰਿੰਗ
4. Computer Networks - ਕੰਪਿਊਟਰ ਨੈਟਵਰਕਸ
5. Programming Lab - IV (Web Technology) ਪ੍ਰੋਗਰਾਮਿੰਗ ਲੈਬ – IV (ਵੈਬ ਟੈਕਨਾਲੋਜੀ)
6. Programming Lab - V (Java Programming ) **ਪ੍ਰੋਗਰਾਮਿੰਗ ਲੈਬ – V (ਜਾਵਾ ਪ੍ਰੋਗਰਾਮਿੰਗ)**

**ਐਮ.ਐਸ.ਸੀ.(ਆਈ.ਟੀ.) – II (MSC(IT)– II)**
(ਸਮੈਸਟਰ – IV) (Forth Semester)

1. Computer Graphics - ਕੰਪਿਊਟਰ ਗਰਾਫ਼ਿਕਸ
2. Linux Administration - ਲਾਇਨਕਸ ਐਡਮਿਨੀਸਟ੍ਰੇਸ਼ਨ
3. Modern Information Systems - ਮਾਡਰਨ ਇਨਫਰਮੇਸ਼ਨ ਸਿਸਟਮਸ
4. Artificial Intelligence - ਆਰਟੀਫ਼ਿਸ਼ਅਲ ਇੰਟੈਲੀਜੈਂਸ
5. Programming Lab - VI (Computer Graphics ) ਪ੍ਰੋਗਰਾਮਿੰਗ ਲੈਬ – VI (ਕੰਪਿਊਟਰ ਗਰਾਫ਼ਿਕਸ)
6. Programming Lab - VII (Linux) ਪ੍ਰੋਗਰਾਮਿੰਗ ਲੈਬ – VII (ਲਾਇਨਕਸ)

## ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਦੇਣ ਬਾਰੇ ਨਿਯਮ

**(Rules regarding Punjab (Elementary Knowledge) inlieu of Punjabi Compulsory)**

ਪੰਜਾਬੀ (ਲਾਜ਼ਮੀ) ਵਿਸ਼ੇ ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਖਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ ਦਾਖਲੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਪ੍ਰਵਾਨਗੀ ਹਿੱਤ ਭੇਜੇ ਜਾਣਗੇ:–

1. ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ।
2. ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਐਫੀਡੈਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

## ਦਾਖਲੇ ਦੇ ਨਿਯਮ (Admission Rules)

1. ਕਾਲਜ ਵਿੱਚ ਦਾਖਲਾ ਮੈਰਿਟ ਦੇ ਆਧਾਰ ਤੇ ਦਿੱਤਾ ਜਾਂਦਾ ਹੈ। **ਦਾਖਲਾ ਲੈਣ ਦੇ ਇਛੁੱਕ ਹਰੇਕ ਉਮੀਦਵਾਰ ਨੂੰ ਸੰਬੰਧਤ ਸ਼੍ਰੇਣੀ ਦੀ ਦਾਖਲਾ ਕਮੇਟੀ ਦੇ ਸਾਹਮਣੇ ਨਿਰਧਾਰਤ ਤਾਰੀਕ ਨੂੰ ਦਿੱਤੇ ਸਮੇਂ ਤੇ ਖੁੱਦ ਪੇਸ਼ ਹੋਣਾ ਪਵੇਗਾ।** ਕਮੇਟੀ ਦੀ ਸਿਫਾਰਿਸ਼ ਉਪਰੰਤ ਪ੍ਰਿੰਸੀਪਲ ਸਾਹਿਬ ਵਲੋਂ ਦਾਖਲੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
2. ਬੀ.ਕਾਮ. ਭਾਗ ਪਹਿਲਾ ਅਤੇ ਐਮ. ਕਾਮ. ਭਾਗ ਪਹਿਲਾ ਵਿੱਚ ਕਲੀਅਰ ਪਾਸ ਵਿਦਿਆਰਥੀਆਂ ਨੂੰ ਹੀ ਦਾਖਲਾ ਦਿੱਤਾ ਜਾਵੇਗਾ। ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
3. ਦਾਖਲਾ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗਾ। ਇਸ ਕਾਲਜ ਵਿਚ ਦਾਖਲਾ ਲੈਣ ਦੇ ਇੱਛਕ ਉਮੀਦਵਾਰਾਂ ਨੂੰ ਮਿੱਥੀ ਹੋਈ ਮਿਤੀ ਤੋਂ ਪਹਿਲਾਂ ਕਾਲਜ ਵਿੱਚ ਦਾਖਲਾ ਫਾਰਮ ਜਮਾਂ ਕਰਵਾਉਣਾ ਜ਼ਰੂਰੀ ਹੋਵੇਗਾ।
4. ਦਾਖਲਾ ਫ਼ਾਰਮ ਵਿੱਚ "ਕੈਟਾਗਰੀ" ਜਿਸ ਅਧੀਨ ਉਮੀਦਵਾਰ ਦਾਖਲਾ ਲੈਣਾ ਚਾਹੁੰਦਾ ਹੈ, ਸੱਪਸ਼ਟ ਰੂਪ ਵਿੱਚ ਭਰੀ ਹੋਣੀ ਚਾਹੀਦੀ ਹੈ।
5. ਪੰਜਾਬ ਤੋਂ ਬਾਹਰ ਦੇ ਬੋਰਡਾਂ ਜਾਂ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਨੂੰ ਦਾਖਲਾ ਪੰਜਾਬੀ ਯੂਨਿਵਰਸਿਟੀ ਦੇ ਨਿਯਮਾਂ ਅਧੀਨ ਹੀ ਦਿੱਤਾ ਜਾਵੇਗਾ।
6. ਕਿਸੇ ਪ੍ਰਕਾਰ ਦੀ ਗਲਤ ਜਾਂ ਅਧੂਰੀ ਸੂਚਨਾ ਕਾਰਨ ਜਾਂ ਨਿਯਮਾਂ ਦੀ ਗਲਤ ਵਿਆਖਿਆ ਕਾਰਨ ਹੋਏ ਗਲਤ ਦਾਖਲੇ ਦੀ ਜ਼ਿੰਮੇਵਾਰੀ ਪ੍ਰਾਰਥੀ ਦੀ ਆਪਣੀ ਹੋਵੇਗੀ ਅਤੇ ਦਾਖਲਾ ਮਨਸੂਖ ਹੋਣ ਦੀ ਸੂਰਤ ਵਿੱਚ ਜਮ੍ਹਾਂ ਕਰਵਾਏ ਫੰਡਜ਼ / ਫੀਸ ਨਿਯਮਾਂ ਅਨੁਸਾਰ ਵਾਪਸ ਕੀਤੇ ਜਾਣਗੇ।
7. ਹਰ ਸ਼੍ਰੇਣੀ ਵਿੱਚ ਦਾਖਲਾ ਹਰ ਸਾਲ ਨਵੇਂ ਦਾਖਲਾ ਫਾਰਮ ਦੇ ਆਧਾਰ ਤੇ ਹੋਵੇਗਾ। ਇਹ ਨਿਯਮ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਉੱਤੇ ਵੀ ਲਾਗੂ ਹੋਵੇਗਾ।
8. ਦਾਖਲਾ ਫਾਰਮ ਉੱਤੇ ਪਿਤਾ/ਮਾਤਾ ਦੇ ਹਸਤਾਖਰ ਨਿਯਤ ਥਾਂ ਉੱਤੇ ਹੋਣੇ ਜ਼ਰੂਰੀ ਹਨ। ਪਿਤਾ/ਮਾਤਾ ਦੇ ਜਾਅਲੀ ਹਸਤਾਖਰ ਬਾਰੇ ਪਤਾ ਲੱਗ ਜਾਣ ਦੀ ਹਾਲਤ ਵਿੱਚ ਦਾਖਲਾ ਮੁੱਢੋਂ ਰੱਦ ਕੀਤਾ ਜਾ ਸਕਦਾ ਹੈ।
9. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ੍ਹ ਹੋਏ, ਪ੍ਰੀਖਿਆ ਤੋਂ ਰੋਕੇ ਗਏ, ਯੂਨੀਵਰਸਿਟੀ ਪ੍ਰੀਖਿਆ ਵਿੱਚ ਗੈਰਹਾਜ਼ਰ ਜਾਂ ਪ੍ਰੀਖਿਆ ਵਿੱਚ ਪਰਚੇ ਛੱਡ ਜਾਣ ਵਾਲੇ ਜਾਂ ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਮੁੜ ਉਸੇ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ। ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਵਰਜਿਤ ਕੀਤੇ ਗਏ ਵਿਦਿਆਰਥੀਆਂ ਦਾ ਦਾਖਲਾ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇਗਾ।
10. ਕਿਸੇ ਸ਼੍ਰੇਣੀ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀਆਂ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿੱਚ ਦੁਬਾਰਾ ਦਾਖਲਾ ਨਹੀਂ ਦਿੱਤਾ ਜਾਵੇਗਾ।
11. ਕਿਸੇ ਵੀ ਕਲਾਸ/ਵਿਸ਼ੇ 'ਚ ਦਾਖਲਾ ਕੇਵਲ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਸ ਲਈ ਘੱਟੋ-ਘੱਟ ਦਸ ਵਿਦਿਆਰਥੀ ਹੋਣਗੇ।
12. ਜੇਕਰ ਕਿਸੇ ਕਲਾਸ ਦਾ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ/ ਪੰਜਾਬੀ ਯੂਨੀਵਰਸਿਟੀ ਵੱਲੋਂ ਨਿਯਤ ਮਿਤੀ ਤੱਕ ਘੋਸ਼ਤ ਨਹੀਂ ਕੀਤਾ ਜਾਂਦਾ ਤਾਂ ਦਾਖਲੇ ਦੀ ਅਗਲੀ ਮਿਤੀ ਦੀ ਸੂਚਨਾ, ਕਾਲਜ ਦੇ ਨੋਟਿਸ ਬੋਰਡ 'ਤੇ ਲਗਾ ਦਿੱਤੀ ਜਾਵੇਗੀ। ਇਹ ਸਹੂਲਤ ਕਿਸੇ ਵਿਸ਼ੇਸ਼ ਉਮੀਦਵਾਰ ਦਾ ਨਤੀਜਾ ਦੇਰ ਨਾਲ ਨਿਕਲਣ ਜਾਂ ਬਾਹਰਲੇ ਬੋਰਡ/ ਯੂਨੀਵਰਸਿਟੀ ਦੇ ਉਮੀਦਵਾਰਾਂ ਲਈ ਨਹੀਂ ਹੋਵੇਗੀ।
13. ਬੀ. ਕਾਮ. ਭਾਗ ਦੂਜਾ ਅਤੇ ਤੀਜਾ ਵਿੱਚ ਸੀਟਾਂ ਉਪਲੱਬਧ ਹੋਣ ਤੇ ਹੀ ਬਾਹਰਲੇ ਵਿਦਿਆਰਥੀਆਂ ਨੂੰ ਦਾਖਲੇ ਲਈ ਮੈਰਿਟ ਦੇ ਅਧਾਰ ਤੇ ਵਿਚਾਰਿਆ ਜਾਵੇਗਾ।
14. ਉਮੀਦਵਾਰ ਨੂੰ ਸੂਚਿਤ ਕੀਤੀਆਂ ਤਾਰੀਖਾਂ ਅਨੁਸਾਰ ਨਿੱਜੀ ਤੌਰ ਤੇ ਦਾਖਲਾ ਕਮੇਟੀ ਦੇ ਸਾਹਮਣੇ ਪੇਸ਼ ਹੋਣਾ ਜ਼ਰੂਰੀ ਹੋਵੇਗਾ। ਅਜਿਹਾ ਕਰਨ ਤੋਂ ਅਸਮਰੱਥ ਵਿਦਿਆਰਥੀ ਆਪਣਾ ਦਾਖਲੇ ਦਾ ਹੱਕ ਗੁਆ ਲਵੇਗਾ।
15. ਦਾਖਲਾ ਫਾਰਮ ਆਨਲਾਇਨ ਭਰਿਆ ਜਾਵੇਗਾ।
16. ਦਾਖਲੇ ਸੰਬੰਧੀ ਇੰਟਰਵਿਊ ਦੀਆਂ ਮਿਤੀਆਂ ਦੀ ਸੂਚੀ ਪਿੱਛੇ ਦਿੱਤੀ

ਗਈ ਹੈ।

17. ਪ੍ਰਿੰਸੀਪਲ ਆਪਣੇ ਵਿਵੇਕ-ਅਧਿਕਾਰ (Discretionary Powers) ਅਨੁਸਾਰ ਕਿਸੇ ਵੀ ਵਿਦਿਆਰਥੀ ਨੂੰ ਕਾਲਜ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਦਾਖਲੇ ਦੇ ਨਿਯਮਾਂ ਦੀ ਵਿਆਖਿਆ ਅਤੇ ਸੋਧ ਦਾ ਅਧਿਕਾਰ ਪ੍ਰਿੰਸੀਪਲ ਸਾਹਿਬ ਨੂੰ ਹੀ ਹੋਵੇਗਾ।

## ਦਾਖਲਾ ਸਮੇਂ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼/ਸਰਟੀਫਿਕੇਟ

1) ਆਨਲਾਇਨ ਸਬਮਿਟ ਕੀਤੇ ਫਾਰਮ ਦੀ ਕਾਪੀ।
2) ਤਿੰਨ ਪਾਸਪੋਰਟ ਸਾਈਜ਼ ਫੋਟੋਆਂ (ਇੱਕ ਫੋਟੋ ਦਾਖਲਾ ਫ਼ਾਰਮ ਤੇ ਨਿਰਧਾਰਤ ਜਗ੍ਹਾ ਤੇ ਲਗਾਈ ਜਾਵੇ ਅਤੇ ਦੋ ਫੋਟੋਆਂ ਪਿਛਲੇ ਪਾਸੇ ਪੂਰੇ ਇੰਦਰਾਜ ਕਰਕੇ ਫ਼ਾਰਮ ਨਾਲ ਨੱਥੀ ਕੀਤੀਆਂ ਜਾਣ)।
3) ਜਨਮ ਮਿਤੀ ਦੇ ਸਰਟੀਫਿਕੇਟ ਦੀ ਤਸਦੀਕ ਸੁਦਾ ਕਾਪੀ।
4) ਆਚਰਣ ਸਰਟੀਫਿਕੇਟ ਦੀ ਤਸਦੀਕ ਸੁਦਾ ਕਾਪੀ (ਇਹ ਸਰਟੀਫਿਕੇਟ ਅਖ਼ੀਰ ਵਿੱਚ ਅਟੈਂਡ ਕੀਤੀ ਸੰਸਥਾ ਦੇ ਮੁੱਖੀ ਤੋਂ ਲਿਆ ਜਾਣਾ ਚਾਹੀਦਾ ਹੈ।
5) ਪਾਸ ਕੀਤੀ ਹੋਈ ਪ੍ਰੀਖਿਆ ਦੇ ਸਰਟੀਫ਼ਿਕੇਟ ਦੀ ਤਸਦੀਕ ਸੁਦਾ ਕਾਪੀ।
6) ਅਨੁਸੂਚਿਤ ਜਾਤੀ/ ਪੱਛੜੀਆਂ ਸ੍ਰੇਣੀਆਂ/ ਡੀਫੈਂਸ ਕੈਟਾਗਰੀਆਂ ਨਾਲ ਸੰਬੰਧਿਤ ਵਿਦਿਆਰਥੀ ਲੋੜੀਂਦੇ ਸਰਟੀਫਿਕੇਟ ਦੀ ਤਸਦੀਕ ਸੂਦਾ ਕਾਪੀ।

ਖੇਡਾਂ ਦੇ ਆਧਾਰ ਤੇ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਖੇਡਾਂ ਦੇ ਸਰਟੀਫਿਕੇਟ ਦੀ ਗਰੇਡੇਸ਼ਨ ਲੈ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ। ਜੇ ਵਿਦਿਆਰਥੀ ਕੋਲ ਗਰੇਡੇਸ਼ਨ ਨਹੀਂ ਹੈ ਤਾਂ ਵਿਦਿਆਰਥੀ ਦਾ ਦਾਖਲਾ ਐਗਜ਼ੈਕਟਿਵ ਮੈਜਿਸਟ੍ਰੇਟ ਦੇ ਐਫੀਡੇਵਿਟ ਪੇਸ਼ ਕਰਨ ਦੇ ਆਧਾਰ ਤੇ ਹੋਵੇਗਾ। ਦਾਖਲਾ ਖੇਡਾਂ ਦੇ ਸਰਟੀਫਿਕੇਟ ਦੀ ਮੈਰਿਟ ਦੇ ਆਧਾਰ ਤੇ ਹੀ ਹੋਵੇਗਾ।

ਟੀਚਰ ਵਾਰਡ ਕੈਟੇਗਰੀ ਅਧੀਨ ਦਾਖਲੇ ਲਈ ਵਿਦਿਆਰਥੀਆਂ ਦੇ ਸਕੂਲਾਂ ਵਿੱਚ ਕੰਮ ਕਰਦੇ ਮਾਤਾ-ਪਿਤਾ ਦਾ ਅਧਿਆਪਕ ਹੋਣ ਦਾ ਸਰਟੀਫਿਕੇਟ ਸਬੰਧਿਤ ਜ਼ਿਲ੍ਹੇ ਦੇ ਡੀ.ਈ.ਓ. ਦੁਆਰਾ ਪ੍ਰਤੀ ਹਸਤਾਖਰ ਕਰਵਾਉਣਾ ਲਾਜ਼ਮੀ ਹੋਵੇਗਾ।

## ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖਲੇ ਸੰਬੰਧੀ ਵਿਸ਼ੇਸ਼ ਹਦਾਇਤਾਂ (Special Instructions for Students of Education Boards/Universities from Outside Punjab)

1. ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬੋਰਡਾਂ ਅਤੇ ਸੀ.ਬੀ.ਐਸ.ਸੀ./ਆਈ.ਸੀ.ਐਸ.ਸੀ. ਤੋਂ ਇਲਾਵਾ ਬਾਹਰਲੇ ਬੋਰਡਾਂ ਤੋਂ ਪਾਸ ਕੀਤੀ ਹੋਵੇ ਉਨ੍ਹਾਂ ਨੂੰ **ਦਾਖਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ** ਕਾਲਜ ਵੱਲੋਂ ਦਾਖਲੇ ਤੇ ਵਿਚਾਰ ਕੀਤਾ ਜਾਵੇਗਾ।
2. ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਸੰਬੰਧਿਤ ਵਿਦਿਆਰਥੀਆਂ ਦੁਆਰਾ ਦਾਖਲਾ ਲੈਣ ਤੋਂ ਇੱਕ ਮਹੀਨੇ ਦੇ ਅੰਦਰ ਆਪਣਾ ਅਸਲ ਨੰਬਰ ਕਾਰਡ ਅਤੇ ਅਸਲ ਮਾਇਗਰੇਸ਼ਨ ਸਰਟੀਫਿਕੇਟ (Original DMC and Migration Certificate) ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਾਉਣਾ ਹੋਵਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਦੁਆਰਾ ਲੇਟ ਫੀਸ ਲਈ ਜਾਂਦੀ ਹੈ, ਜਿਸ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵਗਾ।
3. ਜਿਹੜੇ ਵਿਦਿਆਰਥੀ ਬੀ. ਏ., ਬੀ. ਐਸ. ਸੀ/ ਬੀ. ਕਾਮ/ ਬੀ. ਸੀ. ਏ. ਭਾਗ ਪਹਿਲਾ ਅਤੇ ਭਾਗ ਦੂਜਾ ਅਤੇ ਬਾਕੀ ਸੰਬੰਧਤ ਪ੍ਰੀਖਿਆਵਾਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਖਾਸ ਕਰਕੇ ਇਸ ਯੂਨੀਵਰਸਿਟੀ ਵਿਖੇ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫੀਸਿਟ ਪਰਚੇ ਦੇ ਕੇਸ ਲੋੜੀਂਦੇ ਆਦੇਸ਼ਾਂ ਹਿੱਤ ਪੰਜਾਬੀ ਯੂਨੀਵਰਸਿਟੀ ਨੂੰ ਪੁੱਜਦੇ ਕਰਨਗੇ ।
4. ਸਲਾਨਾ ਪ੍ਰੀਖਿਆਵਾਂ ਤੇ ਪੁਨਰ ਮਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਕਲਾਸ ਵਿਚ ਨਿਯਮਾਂ ਅਨੁਸਾਰ ਬਣਦੇ ਦਾਖਲੇ ਦੇ ਪਾਤਰ ਵਿਦਿਆਰਥੀਆਂ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 15 ਕੰਮ ਕਾਜੀ ਦਿਨਾਂ ਦੇ ਅੰਦਰ ਅੰਦਰ ਬਿਨਾਂ ਲੇਟ ਫੀਸ ਨਾਲ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਅਤੇ ਅਜਿਹੇ ਵਿਦਿਆਰਥੀਆਂ ਦੇ ਲੈਕਚਰ ਦਾਖਲੇ ਦੀ ਮਿਤੀ ਤੋਂ ਗਿਣੇ ਜਾਣਗੇ।

**ਵਿਸ਼ੇਸ਼ ਨੋਟ:**

1. ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੇ 31.8.1993 ਦੇ ਪੈਰਾ 2.3 ਰਾਹੀਂ ਕੀਤੇ ਫੈਸਲੇ ਅਨੁਸਾਰ "ਵਿਗਿਆਨ, ਕਾਮਰਸ, ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਵਿਸ਼ਿਆ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।"
2. ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੋਂਸਲ, ਪਟਨਾ ਤੋਂ ਪਾਸ ਕੀਤੀ ਪ੍ਰੀਖਿਆ ਦੇ ਆਧਾਰ ਤੇ ਕਿਸੇ ਵੀ ਵਿਦਿਆਰਥੀ ਨੂੰ ਅਗਲੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਹੇਠ ਲਿਖੀਆਂ ਯੂਨੀਵਰਸਿਟੀਆਂ ਨੂੰ ਜਾਅਲੀ (Fake) ਯੂਨੀਵਰਸਿਟੀਆਂ ਘੋਸ਼ਿਤ ਕੀਤਾ ਗਿਆ ਹੈ।

## ਫੇਕ ਯੂਨੀਵਰਸਿਟੀਆਂ ਦੀ ਸੂਚੀ
## List of Fake Universities

**Bihar**

1. Maithilli University/Vishwavidyalaya, Darbhanga, Bihar.

**Uttar Pardesh**

2. Varanaseya Sanskrit Vishavidyalaya (Women's) University (Prayag), Allahabad (UP)
3. Mahila Gram Vidyapity/Vishwavidyalaya, (Women,s University) Prayag, Allahabad (U.P.)
4. Gandhi Hindi Vidyapith, Prayag, Allahabad (U.P)
5. National University of Electro Complex Homeopathy, Kanpur (U.P.)
6. Netaji Subhasj Chandra Bose University (open University, (Achaltal, Aligarh (U.P)
7. Uttar Pardesh, Vishwavidyalaya, Kosi Kalan, Mathura (U.P.)
8. Maharana Pratap Shiksha Niketan Vishwavidyalaya, Pratapgarh (U.P.)
9. Indraprastha Shiksha Parishad, Institutional Area, Khoda, Makanpur, Noida Phase-II, Uttar Pradesh.
10. Gurukul Vishwavidyala, Vridanvan, (U.P.)

**Delhi**

11. Varanaseya Sanskrit Vishavidyalaya, Jagatpuri, Delhi
12. Commercial University Ltd., Daryagnaj, Delhi.
13. United Nations University, Delhi.
14. Vocational University, Delhi.
15. ADR-Centric Juridical University, ADR House, 8j, Gopala Tower, 25 Rajendra Palace, New Delhi-110008.
16. Indian Institute of Science and Engineering, New Delhi.

**Karnataka**

17. Bedaganvi Sarkar World Open University Education Society, Gokak, Belgaum (Karnataka).

**Kerala**

18. St. John's University, Kishanattam, Kerala.

**Madhya Pradesh**

19. Kesarwani Vidyapith, Jabalpur, Madhya Pradesh.

**Maharashtra**

20. Raja Arabic University, Nagpur, Maharashtra.

**Tamil Nadu**

21. D.D.B. Sanskrit University, Putur, Trichi, Tamil Nadu.

**West Bengal**

22. Indian Institute of Alternative Medicine, Kotkatta.

## ਯੂਨੀਵਰਸਿਟੀ ਪ੍ਰੀਖਿਆਵਾਂ ਲਈ ਪਾਤਰਤਾ (Eligibility for University Examinations)

Student shall be eligible to appear in B.Com. examination subject to the production of following certificates from the Principal:

1. Of having attended not less than 75% of the total number of lectures deliverered in each paper /subject and 75% of the period held in tutorial in each paper/ subject during the academic year. The college shall be required to deliver at least 75% of the total number of lectures/tutorials prescribed for each paper.
2. Of having good character.
3. Of having obtained at a house Examination at least 33% marks in aggregate of all subjects or 25% marks in each paper. In case a candidate could not appear in the house Examination / MSTs owing to unavoidable reasons or fails to secure the minimum marks indicated above the principal may at his/her discretion hold a special test for the candidate(s).

ਬੀ.ਕਾਮ ਅਤੇ ਐਮ. ਕਾਮ. ਦੇ ਇਮਤਿਹਾਨਾਂ ਵਿਚ ਕੇਵਲ ਉਹ ਵਿਦਿਆਰਥੀ ਹੀ ਬੈਠਣ ਯੋਗ ਹੋ ਸਕਦਾ ਹੈ, ਜੋ ਲੈਕਚਰ ਸ਼ਾਰਟੇਜ਼, ਘਰੈਲੂ ਪ੍ਰੀਖਿਆਵਾਂ, ਵਧੀਆ ਕਾਰਗੁਜ਼ਾਰੀ ਅਤੇ ਡਿਸਿਪਲਿਨ/ਵਧੀਆ ਚਾਲ-ਚੱਲਣ ਆਦਿ ਦੀਆਂ ਸ਼ਰਤਾਂ ਪੂਰੀਆਂ ਕਰੇਗਾ।

**ਇੰਟਰਨਲ ਅਸੈਸਮੈਂਟ :(Internal Assessment)**

ਯੂਨੀਵਰਸਿਟੀ ਨਿਯਮਾਂ ਦੇ ਅਨੁਸਾਰ ਬੀ.ਕਾਮ ਅਤੇ ਐਮ. ਕਾਮ. ਦੀਆਂ ਕਲਾਸਾਂ ਵਿਚ ਇੰਟਰਨਲ ਅਸੈਸਮੈਂਟ 30% ਦੀ ਵਿਵਸਥਾ ਹੈ।

| Internal Assessment | Total Marks 30 |
|---|---|
| **Class Test (40%)**<br>(Two Tests in each semester out of which one best will be taken for internal assessment. | **12 Marks** |
| **Assignment (40%)**<br>Assignment shall be based upon Journals/Magazines/ New Papers/Research Work/ Industrial Visits) | **12 Marks** |
| **Class Participation/**<br>Performance/SNAP Test (20%) | **6 Marks** |

**ਘਰੇਲੂ ਇਮਤਿਹਾਨ: (House Examinations)**

ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਲਈ ਘਰੇਲੂ ਪ੍ਰੀਖਿਆ ਪਾਸ ਕਰਨੀ ਜ਼ਰੂਰੀ ਹੈ। ਹਰੇਕ ਸਿਮੈਸਟਰ ਦੌਰਾਨ ਇੱਕ ਵਾਰ ਘਰੇਲੂ ਪ੍ਰੀਖਿਆ ਹੋਵੇਗੀ। ਜਿਸ ਵਿਚੋਂ ਵਿਦਿਆਰਥੀਆਂ ਨੂੰ ਘੱਟੋ ਘੱਟ 25% ਅੰਕ ਹਰੇਕ ਵਿਸ਼ੇ ਵਿਚੋਂ ਤੇ ਸਾਰੇ ਵਿਸ਼ਿਆਂ ਦੇ ਕੁਲ ਅੰਕਾਂ ਦਾ 33% ਪ੍ਰਾਪਤ ਕਰਨਾ ਜ਼ਰੂਰੀ ਹੋਵੇਗਾ।

**ਇਹ ਮਾਪਿਆਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਬੱਚਿਆਂ ਦੇ ਘਰੇਲੂ ਪ੍ਰੀਖਿਆ ਦੇ ਨਤੀਜਿਆਂ ਅਤੇ ਲੈਕਚਰ ਸ਼ਾਰਟੇਜ ਤੋਂ ਜਾਣੂ ਰਹਿਣ ਲਈ ਕਾਲਜ ਅਧਿਆਪਕਾਂ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ।**

## ਰਾਖਵੀਆਂ ਸੀਟਾਂ (RESERVATION OF SEATS)

**ਦਾਖਲਾ ਫ਼ਾਰਮ ਵਿੱਚ ਕੈਟਾਗਰੀ ਸਪੱਸ਼ਟ ਤੌਰ ਤੇ ਭਰੀ ਜਾਵੇ। ਜੇਕਰ ਇੱਕ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਰੀ ਵਿੱਚ ਦਾਖਲਾ ਲੈਣ ਲਈ ਅਪਲਾਈ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਵੱਖਰੇ ਤੌਰ 'ਤੇ ਫ਼ਾਰਮ ਭਰਨ ਤੇ ਹੀ ਇੱਕ ਤੋਂ ਵੱਧ ਕੈਟਾਗਰੀ ਵਿੱਚ ਦਾਖਲੇ ਲਈ ਵਿਚਾਰਿਆ ਜਾਵੇਗਾ।**

**ਦਾਖਲੇ ਲਈ ਰਾਖਵੀਆਂ ਸੀਟਾਂ:**

| | | |
|---|---|---|
| 1. | ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਲਈ (Scheduled Castes and Scheduled Tribes) | 25% |
| 2. | ਪੱਛੜੀਆਂ ਸ਼੍ਰੇਣੀਆਂ ਲਈ (Backward Category) (OBC) | 10% |
| 3. | ਆਰਮਡ ਫੋਰਸ/ਸੀ. ਆਰ. ਪੀ/ਬੀ. ਐਸ. ਐਫ./ਪੁਲਿਸ ਵਿਚ ਕੰਮ ਕਰ ਰਹੇ, ਸੇਵਾ ਮੁਕਤ ਕਰਮਚਾਰੀਆਂ ਦੇ ਬੱਚਿਆਂ ਲਈ। (ਇਸ ਵਿੱਚ ਉਹ ਅਧਿਕਾਰੀ/ਕਰਮਚਾਰੀ ਵੀ ਸ਼ਾਮਲ ਹੋਣਗੇ ਜੋ ਸੇਵਾ ਦੋਰਾਨ ਸਵਰਗਵਾਸ ਹੋ ਗਏ, ਫੌਜੀਆਂ/ਸੇਵਾ ਨਿਭਾ ਰਹੇ ਸੁਰਖਿਆ ਕਰਮਚਾਰੀਆਂ ਦੇ ਬੱਚੇ ਅਤੇ ਪੁਲਿਸ/ਪੰਜਾਬ ਸਰਕਾਰ ਦੇ ਕਰਮਚਾਰੀ / ਪੰਜਾਬੀ ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਬੱਚਿਆਂ ਲਈ ਜਿਨ੍ਹਾਂ ਨੂੰ ਗੇਲੈਂਟਰੀ ਐਵਾਰਡ ਮਿਲੇ ਹੋਣ।) | 2% |
| 4. | ਖਿਡਾਰੀ (ਡਾਇਰੈਕਟਰ, ਖੇਡ ਵਿਭਾਗ ਪੰਜਾਬ ਵੱਲੋਂ ਗ੍ਰੇਡਡ (Sports Persons) | 2% |
| 5. | ਅਧਿਆਪਕਾਂ /ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ (Teachers' Wards) | 2% |
| 6. | ਅਪੰਗ ਵਿਅਕਤੀਆਂ ਲਈ (Physically Handicapped) | 3% |
| | (1) ਨੇਤਰਹੀਨ ਅਤੇ ਘੱਟ ਨਜਰ ਵਾਲੇ 1% | |
| | (2) ਗੂੰਗੇ ਅਤੇ ਬੋਲੇ 1% | |
| | (3) ਸਰੀਰਕ ਤੋਰ ਤੇ ਅੰਗਹੀਣ ਵਿਅਕਤੀ 1% | |
| 7. | ਆਜ਼ਾਦੀ ਸੰਗਰਾਮੀਆਂ ਦੇ ਬੱਚਿਆਂ ਪੋਤੇ-ਪੋਤਰੀਆ/ਦੋਹਤੇ-ਦੋਹਤਰੀਆ ਲਈ (Children of Freedom Fighters) | 2% |
| 8. | ਬਾਰਡਰ ਏਰੀਆ/ (Border Area) | 2% |
| 9. | ਬੈਕਵਰਡ ਏਰੀਆ (Backward Area) | 2% |
| 10. | ਨਵੰਬਰ 1984 ਦੇ ਦੰਗਾ ਪੀੜਤ | 2% |
| 11. | ਤਲਾਕ ਸੁਦਾ/ਵਿਧਵਾ ਔਰਤਾਂ ਲਈ (Divorcees or Widows) | 2% |

**ਇਸ ਤੋਂ ਇਲਾਵਾ ਰਾਖਵੀਆਂ ਸੀਟਾਂ ਸੰਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ।**

1. The candidate applying for reserve categories should carefully indicate his/her claim for the reserve category/ies in the admission from. No change of category/ies will be entertained /permitted at the later stage in the application form.
2. In the reserved category of sportsmen/sportswomen, the admission shall be made from amongst the eligible candidates on the basis of **their gradation done by the department of sports, Punjab** in accordance with Punjab Govt. Education Department letter No. 47/23/82-5 Edu (9) 5/1490 dated 07-06-91/12-06-92.
3. Ceiling of family income in respect of Backward Class and OBC candidates will applicable according to the instructions of the department of Welfare of Scheduled Casts and Backward Classes, Punjab, issued from time to time.
4. A candidate applying for admission against the seats reserved for Scheduled Castes/Scheduled Tribes, shall be considered provided he/she produces a certificate in the prescribed form signed by the District/ Tehsil Welfare Officer having jurisdiction and counter-signed by the Deputy Commissioner/G.A. to the Deputy Commissioner having jurisdiction.



**ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਯੁਵਕ ਮੇਲਿਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ** ਲਈ ਵੱਖ-ਵੱਖ ਕੋਰਸਾਂ ਵਿੱਚ ਹੇਠ ਲਿਖੇ ਅਨੁਸਾਰ ਵਾਧੂ ਸੀਟਾਂ ਤੇ ਦਾਖਲੇ ਦੀ ਵਿਵਸਥਾ ਕੀਤੀ ਗਈ ਹੈ:

(I) ਯੁਵਕ ਮੇਲਿਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਾਧੂ ਸੀਟਾਂ ਕਾਇਮ ਕਰਕੇ ਦਾਖਲਾ ਕਾਲਜ ਵਿਚ ਐਂਟਰੀ ਪੁਆਇੰਟ (Entry Point) ਤੇ ਦਿੱਤਾ ਜਾਵੇਗਾ।

(ii) ਕਾਲਜ ਵਿਚ ਸਾਰੇ ਕੋਰਸਾਂ ਲਈ ਵੱਧ ਤੋਂ ਵੱਧ ਸੀਟਾ ਹਰ ਕੋਰਸ ਵਿਚ ਜਿੱਥੇ 50 ਸੀਟਾਂ ਹਨ ਉੱਥੇ ਇੱਕ ਵਿਦਿਆਰਥੀ ਅਤੇ ਜਿਸ ਕੋਰਸ ਵਿਚ 50 ਤੋਂ ਵੱਧ ਸੀਟਾਂ ਹਨ, ਦੋ ਵਿਦਿਆਰਥੀ ਦਾਖਲ ਕੀਤੇ ਜਾ ਸਕਦੇ ਹਨ।

(iii) ਇਹ ਪਾਲਿਸੀ (Policy) ਕਾਲਜਾਂ ਵਿਚ ਚਲਾਏ ਜਾ ਰਹੇ ਸਾਰੇ ਕੋਰਸਾਂ ਤੇ ਲਾਗੂ ਹੋਵਗੀ ।

(iv) ਇਸ ਕੈਟਾਗਿਰੀ ਵਿਰੁੱਧ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਚੋਣ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਵਲੋਂ ਗਠਿਤ ਕਮੇਟੀ ਦੁਆਰਾ ਕੀਤੀ ਜਾਵੇਗੀ।

## ਸੈਸ਼ਨ 2006-07 ਤੋਂ 10% ਸੀਟਾਂ ਵਾਧੂ ਕਾਇਮ ਕਰਕੇ, ਪੇਂਡੂ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਦਾਖਲਾ ਦੇਣ ਸੰਬੰਧੀ ਹਦਾਇਤਾਂ

1. ਇਨ੍ਹਾਂ ਸੀਟਾਂ ਤੇ ਦਾਖਲਾ ਕੇਵਲ ਪੇਂਡੂ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ।

2. ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ / 10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇਗੀ ਜਿਹੜਾ ਕਿਸੇ ਮਿਊਂਸਪਲ ਕਾਰਪੋਰੇਸ਼ਨ /ਮਿਊਂਸੀਪਲ ਕਮੇਟੀ / ਸਮਾਲ ਟਾਊਨ/ਨੋਟੀਫਾਈਡ ਏਰੀਆ ਦੇ ਘੇਰੇ ਵਿਚ ਨਹੀਂ ਆਉਂਦਾ, ਅਜਿਹੇ ਉਮੀਦਵਾਰਾਂ ਲਈ **ਅਖੀਰਲੀ ਪ੍ਰੀਖਿਆ ਤੋਂ ਪਹਿਲਾਂ ਪੰਜ ਸਾਲ ਲਈ ਅਜਿਹੇ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੋਵਗਾ ਅਤੇ ਸੰਬੰਧਤ ਤਹਿਸਲੀਦਾਰ ਤੋਂ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵਗਾ ਕਿ ਉਸਨੇ ਦਸਵੀਂ / 10+2 ਦੀ ਪ੍ਰੀਖਿਆ ਜਿਸ ਸਕੂਲ ਵਿਚੋਂ ਪਾਸ ਕੀਤੀ ਹੈ, ਉਹ ਸਕੂਲ ਪੇਂਡੂ ਖੇਤਰ ਵਿਚ ਹੈ।**

3. **ਅਜਿਹੇ ਵਿਦਿਆਰਥੀਆਂ ਵਲੋਂ ਨਿਰਧਾਰਿਤ ਪ੍ਰਫਾਰਮੇ ਤੇ ਹੀ ਸਰਟੀਫਿਕੇਟ ਦਿੱਤਾ ਜਾਣਾ ਹੈ,**

## ਕਾਲਜ ਫੀਸ (COLLEGE FEE)

ਕਾਲਜ ਵਲੋਂ ਉਗਰਾਹੀਆਂ ਜਾਣ ਵਾਲੀਆਂ ਫੀਸਾਂ/ਫੰਡਜ਼ ਪੰਜਾਬ ਸਰਕਾਰ / ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸਮੇਂ ਸਮੇਂ ਤੇ ਕੀਤੀਆਂ ਸੋਧਾਂ ਅਨੁਸਾਰ ਲਾਗੂ ਹੋਣਗੀਆਂ।

## ਫੀਸ ਅਦਾਇਗੀ ਦੇ ਨਿਯਮ (RULES REGARDING PAYMENT OF FEES)

1. ਫੀਸ ਹਮੇਸ਼ਾ ਪੇਸ਼ਗੀ ਅਤੇ ਸਮੇਂ ਸਿਰ ਸੂਚਿਤ ਕੀਤੀਆਂ ਮਿਤੀਆਂ ਤੇ ਦੇਣੀ ਲਾਜ਼ਮੀ ਹੈ।ਜੇਕਰ ਫੰਡ, ਫੀਸ ਤੇ ਜੁਰਮਾਨੇ ਮਿੱਥੀ ਮਿਤੀ ਤੱਕ ਜਮਾਂ ਕਰਵਾਏ ਨਹੀਂ ਜਾਂਦੇ ਤਾਂ ਵਿਦਿਆਰਥੀ ਦਾ ਨਾਂ ਕਾਲਜ-ਰੋਲਜ਼ ਤੋਂ ਕੱਟ ਦਿੱਤਾ ਜਾਵੇਗਾ। ਇਸ ਸੰਬੰਧ ਵਿਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ।
2. ਜੋ ਵੀ ਅਦਾਇਗੀ ਕੀਤੀ ਜਾਂਦੀ ਹੈ, ਉਸ ਦੀ ਰਸੀਦ ਲਈ ਜਾਵੇ।
3. ਫੀਸ ਜਮ੍ਹਾਂ ਕਰਵਾਉਣ ਸਮੇਂ ਵਾਪਸ ਦੇਣ ਯੋਗ ਰਾਸ਼ੀ ਉਸੇ ਸਮੇਂ ਵਾਪਸ ਲਈ ਜਾਵੇ।
4. ਫੀਸ ਵਿੱਚ ਤਬਦੀਲੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਇਸ ਸਬੰਧੀ ਸੂਚਨਾ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ।
5. ਜੇਕਰ ਕੋਈ ਵਿਦਿਆਰਥੀ ਕਿਸੇ ਕਲਾਸ ਵਿੱਚ ਦਾਖਲਾ ਲੈਣ ਉਪਰੰਤ ਕਲਾਸਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਾਇਗ੍ਰੇਟ ਕਰ ਲੈਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਜਮ੍ਹਾ ਕਰਵਾਈ ਗਈ ਟਿਊਸ਼ਨ ਫੀਸ ਕੱਟ ਕੇ ਬਾਕੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਉਸ ਵਿਦਿਆਰਥੀ ਨੂੰ proportionate deductions ਉਪਰੰਤ ਬਾਕੀ ਫੀਸ ਜੇਕਰ ਕੋਈ ਹੋਵੇ ਤਾਂ ਵਾਪਸ ਕਰ ਦਿੱਤੀ ਜਾਵੇਗੀ। ਉਸ ਵਿਦਿਆਰਥੀ ਦੁਆਰਾ ਕੋਈ ਫੀਸ ਵੱਖ ਵੱਖ ਕਾਲਜਾਂ ਵਿਚ ਜਮ੍ਹਾ ਕਰਵਾ ਦਿੱਤੀ ਜਾਂਦੀ ਹੈ ਤਾਂ ਉਸਨੂੰ ਇੱਕ ਕੋਰਸ ਦੀ ਫੀਸ (ਸਮੇਤ ਚੰਦੇ ਆਦਿ) ਵਾਪਸ ਕਰ ਦਿੱਤੀ ਜਾਵੇਗੀ। ਰੀਫੰਡ ਲਈ ਉਸਨੂੰ ਦੋਵੇਂ ਕਾਲਜਾਂ ਦੇ ਪ੍ਰਿੰਸੀਪਲ ਸਹਿਬਾਨ ਰਾਹੀ ਅਰਜੀ ਦੇਣੀ ਪਵੇਗੀ।
7. ਜੇਕਰ ਕੋਈ ਵਿਦਿਆਰਥੀ ਸ਼ੈਸਨ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਅਤੇ ਮੁੜ ਦਾਖਲਾ ਲੈਂਦਾ ਹੈ ਤਾਂ ਉਸਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਤ ਨਵੇਂ ਰੇਟਾਂ ਅਨੁਸਾਰ ਭਾਵ ਮੌਜੂਦਾ ਸੈਸ਼ਨ ਦੇ ਵਿਦਿਆਰਥੀਆਂ ਦੇ ਬਰਾਬਰ ਟਿਊਸ਼ਨ ਫੀਸ ਅਤੇ ਚੰਦੇ ਭਰਵਾਉਣੇ ਹੋਣਗੇ।
8. ਜੇਕਰ ਕੋਈ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਅਕਾਲ ਚਲਾਣਾ ਕਰ ਜਾਂਦਾ ਹੈ ਤਾਂ ਉਸ ਦੀ ਬਾਕੀ ਦੇ ਮਹੀਨਿਆਂ ਦੀ ਟਿਊਸ਼ਨ ਫੀਸ ਉਸਦੇ ਮਾਤਾ ਪਿਤਾ ਜਾਂ ਉਸ ਦੇ ਪਤੀ/ਪਤਨੀ ਜਿਵੇਂ ਵੀ ਹੋਵੇ, ਨੂੰ ਰੀਫੰਡ ਕਰ ਦਿੱਤੀ ਜਾਵੇਗੀ। ਇਹ ਅਦਾਇਗੀ ਸਬੰਧਤ ਵੱਲੋਂ ਮੌਤ ਦੀ ਮਿਤੀ ਤੋਂ 2 ਮਹੀਨੇ ਦੇ ਅੰਦਰ ਅੰਦਰ ਮੌਤ ਦਾ ਸਰਟੀਫਿਕੇਟ ਅਤੇ ਹਲਫੀਆ ਬਿਆਨ ਪ੍ਰਾਪਤ ਹੋਣ ਤੇ ਕੀਤੀ ਜਾਵੇਗੀ।
9. ਜੇਕਰ ਕੋਈ ਵਿਦਿਆਰਥੀ ਪਹਿਲਾਂ ਫੀਸ ਦੇ ਦਿੰਦਾ ਹੈ ਪਰ ਬਾਅਦ ਵਿੱਚ ਉਸਦੀ ਅੱਧੀ/ਪੂਰੀ ਟਿਊਸ਼ਨ ਫੀਸ ਮੁਆਫ ਹੋ ਜਾਂਦੀ ਹੈ, ਤਾਂ ਉਸ ਸਥਿਤੀ ਵਿੱਚ ਭਰਵਾਈ ਗਈ ਕੇਵਲ ਟਿਊਸ਼ਨ ਫੀਸ ਹੀ ਐਡਜਸਟ/ਰੀਫੰਡ ਕੀਤੀ ਜਾਵੇਗੀ।

## ਫੀਸਾਂ ਅਤੇ ਹੋਰ ਖਰਚੇ (FEES AND OTHER EXPENSES)

ਦਾਖਲੇ ਲਈ ਲੋੜੀਂਦੀ ਰਕਮ ਵਿਦਿਆਰਥੀ ਇੰਟਰਵਿਊ ਸਮੇਂ ਨਾਲ ਲੈ ਕੇ ਆਉਣ ਕਿਉਂਕਿ ਦਾਖਲੇ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਇਹ ਰਕਮ ਉਸੇ ਵਲੇ ਜਮ੍ਹਾਂ ਕਰਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਿਦਿਆਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

### ਦਾਖਲਾ ਫੀਸ (ADMISSION FEES)

| | | B.Com -I | B.Com-II | B.Com-III | M.Com-I | M.Com-II |
|---|---|---|---|---|---|---|
| 1 | ਦਾਖ਼ਲਾ ਫੀਸ | 10 | 10 | 10 | 15 | 15 |
| 2 | ਟਿਊਸ਼ਨ ਫੀਸ(ਕੇਵਲ ਲੜਕਿਆ ਤੋ ਬੀਕਾਮ ਤੱਕ | 144 | 144 | 144 | 180 | 180 |
| 3 | ਯੂਨੀਵਰਸਿਟੀ ਰਜਿਸਟ੍ਰੇਸ਼ਨ ਫੀਸ | 3150 | 1850 | 1850 | 1850 | 1850 |
| 4 | ਕਾਲਜ ਦੇ ਸਲਾਨਾ ਫੰਡਜ਼ | 697 | 697 | 697 | 697 | 697 |
| 5 | ਯੂਨੀਵਰਸਿਟੀ ਪ੍ਰੀਖਿਆ ਫ਼ੀਸ (ਦੋਨੋ ਸਮੈਸਟਰ) | 3450 | 2900 | 2900 | 3000 | 3000 |
| 6 | ਪ੍ਰੀਖਿਆ ਫ਼ਾਰਮ ਫ਼ੀਸ (ਦੋਨੋ ਸਮੈਸਟਰ) | 240 | 240 | 240 | 240 | 240 |
| 7 | ਲਾਇਬਰੇਰੀ ਸਕਿਉਰਟੀ ਕੇਵਲ ਨਵੇਂ ਦਾਖਲੇ ਲਈ | 150 | | | 200 | |
| 8 | ਪੀ.ਟੀ.ਏ. ਫੰਡ | 1400 | 1400 | 1400 | 1400 | 1400 |
| | ਕੁੱਲ ਲੜਕਿਆਂ ਲਈ | 9241 | 7241 | 7241 | 7532 | 7382 |
| | ਕੁੱਲ ਲੜਕੀਆਂ ਲਈ | 9097 | 7097 | 7097 | 7532 | 7382 |
| 10 | ਮਾਇਗਰੇਸ਼ਨ ਫੀਸ ਪੰਜਾਬ ਤੋਂ ਬਾਹਰਲੇ ਆਏ ਬੋਰਡਾਂ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਇਲਾਵਾ ਆਏ ਵਿਦਿਆਰਥੀਆਂ ਲਈ | 150 | 150 | 150 | 150 | 150 |
| | ਪਾਰਕਿੰਗ ਫੀਸ (ਸਲਾਨਾ) | | | | | |
| | ਸਾਇਕਲ | 120 | 120 | 120 | 120 | 120 |
| | ਸਕੂਟਰ/ਮੋਟਰ ਸਾਇਕਲ | 240 | 240 | 240 | 240 | 240 |

**ਵਿਸ਼ੇਸ਼ ਨੋਟ :**

(1) ਨਵੰਬਰ 1984 ਦੇ ਦੰਗਾਂ/ਅੱਤਕਵਾਦ ਪੀੜਤ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀ ਪਾਲਿਸੀ ਤਹਿਤ ਫਰੀ ਐਜੂਕੇਸ਼ਨ ਦਿੱਤੀ ਜਾਵੇਗੀ। ਇਸ ਲਈ ਵਿਦਿਆਰਥੀ ਆਪਣੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਤੋਂ ਜ਼ਰੂਰੀ ਸਰਟੀਫਿਕੇਟ ਪੇਸ਼ ਕਰਨਗੇ।

(2) ਪੋਸਟ ਮੈਟ੍ਰਿਕ ਸਕਾਰਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਦਾਖਲਾ ਫੀਸ ਅਤੇ ਦੂਸਰੇ ਚਾਰਜਿਜ਼ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹੀ ਲਏ ਜਾਣਗੇ ਤੇ ਵਿਦਿਆਰਥੀ ਨੂੰ ਪੰਜਾਬ ਸਰਕਾਰ ਦੇ ਆਸ਼ੀਰਵਾਦ ਪੋਰਟਲ ਤੇ ਓਨ ਲਾਈਨ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਤੋਂ ਪੂਰੀ ਫੀਸ ਵਸੂਲ ਕੀਤੀ ਜਾਵੇਗੀ।

(3) **ਦਾਖਲਾ ਲੈਣ ਵਾਲੇ ਐਸ.ਸੀ./ਐਸ.ਟੀ ਵਿਦਿਆਰਥੀ ਜਿਨਾਂ ਦੀ ਪਰਿਵਾਰਕ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੈ ਦਾਖਲੇ ਵਾਲੇ ਦਿਨ ਆਪਣੇ ਪਰਿਵਾਰ ਦੀ ਆਮਦਨ ਦਾ ਸਬੂਤ ਅਤੇ ਨਾਲ ਨੱਥੀ ਫਾਰਮ ਪੂਰੀ ਤਰ੍ਹਾਂ ਭਰ ਕੇ ਨਾਲ ਲੈ ਕੇ ਆਉਣਗੇ।**



**ਬੀ. ਸੀ. ਏ., ਪੀ. ਜੀ. ਡੀ. ਸੀ. ਏ., ਐਮ. ਐਸ. ਸੀ. (ਆਈ–ਟੀ) –1 ਅਤੇ ਐਮ. ਐਸ. ਸੀ. (ਆਈ ਟੀ) ਲੇਟਰਲ ਐਂਟਰੀ ਦੀਆਂ ਫੀਸਾਂ ਦਾ ਵੇਰਵਾ:**

HIGHER EDUCATION INSTITUTE SOCIETY, GOVT. BIKRAM COLLEGE OF COMMERCE, PATIALA

FEE STRUCTURE 2017-18 (Self Finance Courses)

| | | BCA-I (Boys) | BCA-I (Girls) | BCA-II (Boys) | BCA-II (Girls) | BCA-III (Boys) | BCA-III (Girls) | PGDCA (Boys) | PGDCA (Girls) | Msc(IT)-I (Regular) (Boys) | Msc(IT)-I (Regular) (Girls) | Msc(IT)-II (Regular) (Boys) | Msc(IT)-II (Regular) (Girls) | Msc(IT)-II (Lateral Entry) (Boys) | Msc(IT)-II (Lateral Entry) (Girls) |
|---|---|---|---|---|---|---|---|---|---|---|---|---|---|---|---|
| 1 | ਟਿਊਸ਼ਨ ਫੀਸ | 1313 | 657 | 1313 | 657 | 1313 | 657 | 966 | 483 | 1449 | 725 | 1449 | 725 | 1449 | 725 |
| 2 | ਸਕਿਊਰਟੀ | 1150 | 1150 | 0 | 0 | 0 | 0 | 1150 | 1150 | 1150 | 1150 | 0 | 0 | 1150 | 1150 |
| 3 | ਲੈਬਾਟਰੀ ਫੰਡ | 6561 | 6561 | 6561 | 6561 | 6561 | 6561 | 3945 | 3945 | 7149 | 7149 | 7149 | 7149 | 7149 | 7149 |
| 4 | ਇੰਸਟੀਚਿਊਸ਼ਨ ਫੰਡ | 6561 | 6561 | 6561 | 6561 | 6561 | 6561 | 3945 | 3945 | 7149 | 7149 | 7149 | 7149 | 7149 | 7149 |
| 5 | ਸਲਾਨਾ ਚੰਦੇ | 3277 | 3277 | 3277 | 3277 | 3277 | 3277 | 2415 | 2415 | 3574 | 3574 | 3574 | 3574 | 3574 | 3574 |
| 6 | ਪੀਟੀਏ | 1400 | 1400 | 1400 | 1400 | 1400 | 1400 | 1400 | 1400 | 1400 | 1400 | 1400 | 1400 | 1400 | 1400 |
| 7 | ਯੂਨੀਵਰਸਿਟੀ ਰਜਿਸਟ੍ਰੇਸ਼ਨ ਫੀਸ | 800 | 800 | 0 | 0 | 0 | 0 | 0 | 0 | 0 | 0 | 0 | 0 | 0 | 0 |
| 8 | ਰਜਿਸਟ੍ਰੇਸ਼ਨ ਨਿਰੰਤਰਤਾ ਫੀਸ | 0 | 0 | 300 | 300 | 300 | 300 | 300 | 300 | 300 | 300 | 300 | 300 | 300 | 300 |
| 9 | ਪੰਜਾਬ ਸਟੇਟ ਸਪੋਰਟਸ ਕੌਂਸਲ ਫੀਸ | 25 | 25 | 25 | 25 | 25 | 25 | 25 | 25 | 25 | 25 | 25 | 25 | 25 | 25 |
| 10 | ਸਪੋਰਟਸ ਫੀਸ | 500 | 500 | 500 | 500 | 500 | 500 | 500 | 500 | 500 | 500 | 500 | 500 | 500 | 500 |
| 11 | ਕਾਲਜ ਡਿਵੈਲਪਮੈਂਟ ਫੰਡ | 120 | 120 | 120 | 120 | 120 | 120 | 120 | 120 | 120 | 120 | 120 | 120 | 120 | 120 |
| 12 | ਯੁਵਕ ਭਲਾਈ ਫੀਸ | 100 | 100 | 100 | 100 | 100 | 100 | 100 | 100 | 100 | 100 | 100 | 100 | 100 | 100 |
| 13 | ਇਨਫਰਾਸਟਕਚਰ ਫੰਡ | 100 | 100 | 100 | 100 | 100 | 100 | 100 | 100 | 100 | 100 | 100 | 100 | 100 | 100 |
| 14 | ਐਨ. ਐਸ. ਐਸ. ਫੀਸ | 80 | 80 | 80 | 80 | 80 | 80 | 80 | 80 | 80 | 80 | 80 | 80 | 80 | 80 |
| 15 | ਵੈਰੀਫਿਕੇਸ਼ਨ ਫੀਸ | 800 | 800 | 0 | 0 | 0 | 0 | 0 | 0 | 0 | 0 | 0 | 0 | 0 | 0 |
| 16 | ਮਾਈਗਰੇਸ਼ਨ ਫੀਸ | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 |
| 17 | ਬਲਾਕ ਐਂਟਰੀ ਫੀਸ | 50 | 50 | 50 | 50 | 50 | 50 | 50 | 50 | 50 | 50 | 50 | 50 | 50 | 50 |
| 18 | ਪੰਜਾਬੀ ਭਾਸ਼ਾ ਵਿਕਾਸ ਫੰਡ | 75 | 75 | 75 | 75 | 75 | 75 | 75 | 75 | 75 | 75 | 75 | 75 | 75 | 75 |
| 19 | ਸਪੋਰਟਸ ਹੋਸਟਲ ਫੀਸ | 200 | 200 | 200 | 200 | 200 | 200 | 200 | 200 | 200 | 200 | 200 | 200 | 200 | 200 |
| 20 | ਸਪੋਰਟਸ ਇਨਫਰਾਸਟਕਚਰ ਡਿਵੈਲਪਮੈਂਟ ਫੀਸ | 200 | 200 | 200 | 200 | 200 | 200 | 200 | 200 | 200 | 200 | 200 | 200 | 200 | 200 |
| 21 | ਸਪੋਰਟਸ ਵਿੰਗ ਫੀਸ | 100 | 100 | 100 | 100 | 100 | 100 | 100 | 100 | 100 | 100 | 100 | 100 | 100 | 100 |
| 22 | ਯੂਨੀਵਰਸਿਟੀ ਪ੍ਰੀਖਿਆ ਫੀਸ (ਦੋਨੋ ਸਮੈਸਟਰ) | 4000 | 4000 | 4000 | 4000 | 4000 | 4000 | 5000 | 5000 | 4000 | 4000 | 4000 | 4000 | 6900 | 6900 |
| 23 | ਪ੍ਰੀਖਿਆ ਫ਼ਾਰਮ ਫੀਸ (ਦੋਨੋ ਸਮੈਸਟਰ) | 240 | 240 | 240 | 240 | 240 | 240 | 240 | 240 | 240 | 240 | 240 | 240 | 480 | 480 |
| | Total | 27652 | 26996 | 25202 | 24546 | 25202 | 24546 | 20911 | 20428 | 27961 | 27237 | 26811 | 26087 | 31101 | 30377 |
| | ਦਾਖਲੇ ਸਮੇਂ ਲੈਣ ਯੋਗ ਫੀਸਾਂ | 27652 | 26996 | 25202 | 24546 | 25202 | 24546 | 20911 | 20428 | 27961 | 27237 | 26811 | 26087 | 31101 | 30377 |

| | | ਮਾਈਗਰੇਸ਼ਨ ਫੀਸ | | |
|---|---|---|---|---|
| 1 | ਬਾਹਰਲੇ ਬੋਰਡਾਂ ਤੋਂ | 150 | | |
| 2 | ਬਾਹਰਲੀਆਂ ਯੂਨੀਵਰਸਿਟੀਆਂ ਤੋਂ | 150 | | |

## ਰਿਆਇਤਾਂ, ਵਜੀਫੇ ਅਤੇ ਵਿਦਿਆਰਥੀ ਮਾਲੀ ਸਹਾਇਤਾ ਫੰਡ (CONCESSIONS, SCHOLARSHIPS AND STUDENTS AID FUND)

ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਪਾਸ ਕੀਤੇ ਗਏ ਇਮਤਿਹਾਨਾਂ ਦੇ ਆਧਾਰ ਤੇ ਮਿਲ ਸਕਣ ਵਾਲੇ ਅਤੇ ਸਰਕਾਰ ਵੱਲੋਂ ਦਿੱਤੇ ਜਾਂਦੇ ਹੋਰ ਵਜ਼ੀਫਿਆਂ ਦੀ ਪ੍ਰਾਪਤੀ ਲਈ ਸਮੇਂ-ਸਮੇਂ ਅਰਜ਼ੀਆ ਮੰਗੀਆਂ ਜਾਂਦੀਆਂ ਹਨ। ਸਮੇਂ ਸਿਰ ਅਤੇ ਮੁਕੰਮਲ ਅਰਜ਼ੀ ਦੇਣਾ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਵਜ਼ੀਫੇ ਦੀ ਰਾਸ਼ੀ ਮਨਜੂਰ ਹੋਣ ਅਤੇ ਰਕਮ ਪ੍ਰਾਪਤ ਹੋਣ ਉਪਰੰਤ ਵਿਦਿਆਰਥੀਆਂ ਨੂੰ ਵੰਡ ਦਿੱਤੀ ਜਾਂਦੀ ਹੈ।

ਇਸ ਕਾਲਜ ਦੇ ਹੋਣਹਾਰ ਅਤੇ ਗਰੀਬ ਵਿਦਿਆਰਥੀਆਂ ਨੂੰ ਦੋ ਤਰ੍ਹਾਂ ਦੇ ਵਜ਼ੀਫੇ ਦਿੱਤੇ ਜਾਂਦੇ ਹਨ, ਨਿੱਜੀ ਅਤੇ ਸਰਕਾਰੀ । ਇਨ੍ਹਾਂ ਬਾਰੇ ਨਿਯਮ ਹੇਠ ਲਿਖੇ ਅਨੁਸਾਰ ਹਨ:

### (ੳ) ਨਿੱਜੀ ਵਜ਼ੀਫੇ:

**(1) ਮਹਾਂਦੇਵ ਪ੍ਰਸ਼ਾਦ ਮੈਮੋਰੀਅਲ ਸਕੋਲਰਸ਼ਿਪ:**

ਇਹ ਵਜ਼ੀਫਾ ਸ੍ਰੀ ਕੇ. ਕੇ. ਸਕੈਸਨਾ (ਰਿਟਾਇਰਡ ਪ੍ਰਿੰਸੀਪਲ) ਵੱਲੋਂ ਅਕਾਦਮਿਕ ਵਰ੍ਹਾ 2002-03 ਤੋਂ ਚਾਲੂ ਕੀਤਾ ਗਿਆ ਹੈ। ਇਸ ਦੀ ਰਾਸ਼ੀ 1100/- ਰੁਪਏ ਸਲਾਨਾ ਅਤੇ ਇਸ ਲਈ ਵਿਦਿਆਰਥੀ ਦੀ ਚੋਣ ਐਮ. ਕਾਮ. ਭਾਗ ਪਹਿਲਾ ਦੀ ਕਲਾਸ ਵਿਚੋਂ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ। ਮੈਰਿਟ ਬੀ. ਕਾਮ. ਦੇ ਹੇਠਲੇ ਚਾਰ ਪੇਪਰਾਂ ਵਿੱਚ ਔਸਤਨ ਸਭ ਤੋਂ ਵੱਧ ਅੰਕਾਂ ਦੇ ਆਧਾਰ ਤੇ ਬਣਾਈ ਜਾਵੇਗੀ।

- ☒ Financial Accounting
- ☒ Corporate Accounting
- ☒ Cost Accounting
- ☒ Management Accounting

**(2) ਦੀਪਕ ਸੋਨੀਆ ਜ਼ਿੰਦਲ ਮੈਮੋਰੀਅਲ ਸਕੋਲਰਸ਼ਿਪ:**

ਇਹ ਵਜ਼ੀਫਾ ਸ੍ਰੀ ਸੁਰਿੰਦਰ ਜਿੰਦਲ ਜੀ ਵੱਲੋਂ ਆਪਣੇ ਸਵਰਗਵਾਸੀ ਪੁੱਤਰ ਅਤੇ ਨੂੰਹ ਦੀ ਯਾਦ ਵਿੱਚ ਅਕਾਦਮਿਕ ਵਰ੍ਹੇ 2004-05 ਤੋਂ ਚਾਲੂ ਕੀਤਾ ਗਿਆ ਹੈ। ਇਸਦੀ ਰਾਸ਼ੀ 5000/- ਰੁਪਏ ਸਲਾਨਾ ਹੈ ਅਤੇ ਇਹ ਵਜ਼ੀਫਾ ਬੀ. ਕਾਮ. ਅਤੇ ਐਮ. ਕਾਮ ਕਲਾਸਾਂ ਦੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ।

**(3) ਪੰਜਾਬ ਗੋਰਮਿੰਟ ਕਾਲਜ ਰੀਟਾਇਰਡ ਟੀਚਰਜ਼ ਵੈਲਫ਼ੇਅਰ ਐਸੋਸੀਏਸ਼ਨ :**

ਇਹ ਵਜੀਫਾ ਪੰਜਾਬ ਗੋਰਮਿੰਟ ਕਾਲਜ ਰੀਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਦਿੱਤਾ ਜਾਂਦਾ ਹੈ। ਇਸ ਦੀ ਰਾਸ਼ੀ 1000/- ਰੁਪਏ ਪ੍ਰਤੀ ਸਾਲ ਹੈ।

**(4) ਸਦਭਾਵਨਾ ਹਸਪਤਾਲ, ਪਟਿਆਲਾ:**

ਇਹ ਵਜੀਫਾ ਰਾਸ਼ੀਆਂ ਸਦਭਾਵਨਾ ਹਸਪਤਾਲ, ਪਟਿਆਲਾ ਦੇ ਡਾ. ਸੁਧੀਰ ਵਰਮਾ, ਵੱਲੋਂ ਦੋ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਇਹਨਾਂ ਦੀ ਰਾਸ਼ੀ 2100/- ਰੁਪਏ ਪ੍ਰਤੀ ਵਿਦਿਆਰਥੀ ਹੈ। ਇਹ ਸਹਾਇਤਾ ਬੀ. ਕਾਮ. ਦੇ ਵਿਦਿਆਰਥੀਆਂ ਨੂੰ ਲਗਾਤਾਰ ਤਿੰਨ ਸਾਲ ਲਈ ਦਿੱਤੀ ਜਾਂਦੀ ਹੈ।

**(5) ਦੀਪਕ ਸੋਨੀਆ ਜਿੰਦਲ ਖੇਡ ਪੁਰਸਕਾਰ:**

ਪੰਜ ਪੰਜ ਸੋ ਰੁਪਏ ਦੇ ਦੋ ਇਨਾਮ ਹਰ ਸਾਲ ਕਾਲਜ ਖੇਡ ਸਮਾਗਮ ਵਿੱਚ ਵਧੀਆ ਖਿਡਾਰੀ ਲੜਕਾ ਅਤੇ ਵਧੀਆ ਖਿਡਾਰਨ ਲੜਕੀ ਦੋਹਾਂ ਨੂੰ ਦੀਪਕ, ਸੋਨੀਆਂ ਜਿੰਦਲ ਦੀ ਯਾਦ ਵਿੱਚ ਉਨ੍ਹਾਂ ਦੇ ਪਿਤਾ ਸ਼੍ਰੀ ਸੁਰਿੰਦਰ ਜਿੰਦਲ ਅਤੇ ਪਰਿਵਾਰ ਵੱਲੋਂ ਦਿੱਤੇ ਜਾਂਦੇ ਹਨ।

**(6) ਬੈਸਟ ਲਾਇਬ੍ਰੇਰੀ ਯੂਜ਼ਰ ਅਵਾਰਡ:**

ਹਰੇਕ ਸਾਲ ਸਲਾਨਾ ਇਨਾਮ ਵੰਡ ਸਮਾਰੋਹ ਤੇ ਲਾਇਬ੍ਰੇਰੀ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੇ ਵਿਦਿਆਰਥੀ ਨੂੰ Best Library User Award ਦਿੱਤਾ ਜਾਵੇਗਾ, ਜਿਸ ਵਿੱਚ ਚੁਣੇ ਗਏ ਅੰਡਰ-ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਇੱਕ ਲੜਕਾ ਅਤੇ ਇੱਕ ਲੜਕੀ ਨੂੰ ਮੈਰਿਟ ਸਰਟੀਫਿਕੇਟ ਤੋਂ ਇਲਾਵਾ ਵੱਖਰੇ ਵੱਖਰੇ ਤੌਰ ਤੇ ਪੰਜ-ਪੰਜ ਸੋ ਰੁਪਏ ਕੀਮਤ ਦੀਆਂ ਪੁਸਤਕਾਂ ਇਨਾਮ ਵੱਜੋਂ ਦਿੱਤੀਆਂ ਜਾਣਗੀਆਂ।

### (ਅ) ਸਰਕਾਰੀ ਵਜੀਫੇ:

ਅਨੁਸੂਚਿਤ ਜਾਤੀਆਂ/ਕਬੀਲਿਆਂ ਨਾਲ ਸੰਬੰਧਿਤ ਅਤੇ ਪੰਜਾਬ ਵਿੱਚ ਪੱਕੀ ਤਰ੍ਹਾਂ ਵਸੇ ਹੋਏ ਮੈਟ੍ਰਿਕ ਤੇ ਅਗਲੇਰੀ ਪੜਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੀ ਯੋਜਨਾ ਅਧੀਨ ਵਜੀਫੇ ਮਿਲਦੇ ਹਨ। ਚਾਹਵਾਨ ਵਿਦਿਆਰਥੀਆਂ ਲਈ ਅਰਜ਼ੀ ਦੇਣ ਵਾਸਤੇ ਨਿਸ਼ਚਿਤ ਫਾਰਮ ਅਤੇ ਹੱਕਦਾਰੀ ਕਾਰਡ ਕਾਲਜ ਜਾਂ ਜਿਲ੍ਹਾ ਭਲਾਈ ਅਫਸਰ ਦੇ ਦਫਤਰ ਤੋਂ ਮੁਫ਼ਤ ਪ੍ਰਾਪਤ ਹੋ ਸਕਦਾ ਹੈ।

**ਵਿਦਿਆਰਥੀ ਵਜ਼ੀਫੇ ਲਈ ਅਰਜ਼ੀ ਵਾਲਾ ਫਾਰਮ ਅਤੇ ਹੱਕਦਾਰੀ ਕਾਰਡ ਦਾਖਲ ਹੋਣ ਦੇ ਇੱਕ ਹਫਤੇ ਅੰਦਰ ਪੇਸ਼ ਕਰਨ ਤਾਂ ਜੋ ਵਜ਼ੀਫੇ ਦੇ ਕਾਗਜ਼ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ ਨੂੰ ਸਮੇਂ ਸਿਰ ਭੇਜੇ ਜਾ ਸਕਣ। ਮੈਰਿਟ ਅਤੇ ਨੈਸ਼ਨਲ ਸਕਾਲਰਸ਼ਿਪ ਦੇ ਨਵੀਨੀਕਰਨ ਲਈ ਫਾਰਮ ਯੂਨੀਵਰਸਿਟੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਵੇਰਵੇ ਸਮੇਤ 15 ਦਿਨ ਦੇ ਅੰਦਰ ਦਫਤਰ ਨੂੰ ਦਿੱਤੇ ਜਾਣ। ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਵਿਦਿਆਰਥੀ ਫਾਰਮ ਇੱਕ ਹਫਤੇ ਦੇ ਅੰਦਰ-ਅੰਦਰ ਦਫਤਰ ਵਿੱਚ ਜ਼ਰੂਰ ਦੇ ਦੇਣ। ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਵੀ ਆਪਣੇ ਵਜ਼ੀਫੇ ਦੇ ਫਾਰਮ ਦਾਖਲੇ ਤੋਂ ਇੱਕ ਹਫਤੇ ਦੇ ਅੰਦਰ -ਅੰਦਰ ਜ਼ਰੂਰ ਦੇ ਦੇਣ।**

ਵੇਖਿਆ ਗਿਆ ਹੈ ਕਿ ਅਕਸਰ ਵਿਦਿਆਰਥੀ ਵਜ਼ੀਫਿਆਂ ਦੀ ਰਕਮ ਦੀ ਸਹੀ ਵਰਤੋਂ ਨਹੀਂ ਕਰਦੇ। ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਵਜੀਫਾ ਲੈਣ ਵਾਲਾ ਹਰੇਕ ਵਿਦਿਆਰਥੀ ਸਟੇਟ ਬੈਂਕ ਆਫ਼ ਇੰਡੀਆ ਦੀ ਕਿਸੇ ਵੀ ਬਰਾਂਚ ਵਿਚ ਆਪਣੇ ਖਾਤੇ ਵਿੱਚ ਜਮ੍ਹਾਂ ਕਰਵਾ ਕੇ, ਜ਼ਰੂਰਤ ਅਨੁਸਾਰ ਕੱਢਵਾ ਕੇ ਵਰਤ ਸਕਣਗੇ।

### ਵਿਦਿਆਰਥੀ ਸਹਾਇਤਾ ਫੰਡ (STUDENTS' AID FUND)

ਇਸ ਫੰਡ ਦਾ ਮੰਤਵ ਲੋੜੀਂਦੇ ਵਿਦਿਆਰਥੀਆਂ ਦੀਆਂ ਫੀਸਾਂ, ਕਿਤਾਬਾਂ, ਹੋਸਟਲ, ਮੈੱਸ, ਕੱਪੜੇ ਅਤੇ ਮੈਡੀਕਲ ਖਰਚਿਆਂ ਦੀ ਪੂਰਤੀ ਕਰਨਾ ਹੈ। ਇਸ ਮੰਤਵ ਲਈ ਗਠਿਤ ਕੀਤੀ ਕਮੇਟੀ ਵਲੋਂ ਪ੍ਰਾਪਤ ਹੋਈਆਂ ਅਰਜ਼ੀਆਂ ਦੇ ਅਧਾਰ ਤੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਚੋਣ ਕੀਤੀ ਜਾਂਦੀ ਹੈ।



## ਲੈਕਚਰ ਸ਼ਾਰਟੇਜ ਸੰਬੰਧੀ (SHORTAGE OF LECTURES)

ਵਿਦਿਆਰਥੀਆਂ ਨੂੰ ਬੀਮਾਰੀ ਕਾਰਨ ਹਾਜ਼ਰੀਆਂ ਦੀ ਛੋਟ ਲਈ ਲਾਜ਼ਮੀ ਹੋਵੇਗਾ ਕਿ ਉਹ ਆਪਣੀ ਛੁੱਟੀ ਲਈ ਬਿਨੈ ਪੱਤਰ (ਸਮੇਤ ਮੈਡੀਕਲ ਸਰਟੀਫਿਕੇਟ ਦੇ)ਆਪਣੇ ਗੈਰ-ਹਾਜ਼ਰ ਰਹਿਣ ਤੋਂ ਤੁਰੰਤ ਬਾਅਦ ਪ੍ਰਿੰਸੀਪਲ ਸਾਹਿਬ ਨੂੰ ਪੇਸ਼ ਕਰਨ। ਇਹ ਬਿਨੈ-ਪੱਤਰ ਅਤੇ ਮੈਡੀਕਲ ਸਰਟੀਫਿਕੇਟ ਡੀਨ, ਅਕਾਦਮਿਕ ਮਾਮਲੇ ਜਾਂ ਡੀਨ ਕਾਲਜ ਵਿਕਾਸ ਕੌਂਸਲ ਨੂੰ ਭੇਜੇ ਜਾਣਗੇ। ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ, ਕਿ ਵਿਦਿਆਰਥੀ ਵੱਲੋਂ ਅਕਾਦਮਿਕ ਸ਼ੈਸ਼ਨ ਦੇ ਅਖੀਰ ਵਿੱਚ ਛੋਟ ਲਈ ਪੇਸ਼ ਬਿਨੈ ਪੱਤਰ ਅਤੇ ਸਰਟੀਫਿਕੇਟ ਸ਼ਹਿਰ ਦੇ ਸਰਕਾਰੀ ਹਸਪਤਾਲ/ਡਿਸਪੈਂਸਰੀ ਦੇ ਸੀਨੀਅਰ ਮੈਡੀਕਲ ਅਫ਼ਸਰ ਤੋਂ ਪ੍ਰਤੀ ਹਸਤਾਖਰ ਹੋਣਾ ਚਾਹੀਦਾ ਹੈ। ਹਾਜ਼ਰੀਆਂ ਵਿੱਚ ਛੋਟ ਬਿਮਾਰੀ ਦੇ ਸਮੇਂ ਤੋਂ ਵੱਧ ਨਹੀਂ ਦਿੱਤੀ ਜਾਵੇਗੀ।

## ਗੈਰ-ਹਾਜ਼ਰੀ ਜੁਰਮਾਨਾ (FINES)

1 ਇੱਕ ਪੀਰਿਅਡ ਦੀ ਗੈਰ-ਹਾਜ਼ਰੀ 50 ਪੈਸੇ।

2 ਦੋ ਪੀਰਿਅਡ ਜਾਂ ਇਸ ਤੋਂ ਵੱਧ ਸਮੇਂ ਦੀ ਗੈਰ ਹਾਜ਼ਰੀ 1 ਰੁ:।

3 ਘਰੇਲੂ ਇਮਤਿਹਾਨ ਦੀ ਗੈਰ-ਹਾਜ਼ਰੀ 5 ਰੁਪਏ ਪ੍ਰਤੀ ਪੇਪਰ।

4 Tutorials Period ਦੀ ਗੈਰ ਹਾਜ਼ਰੀ 5 ਰੁਪਏ ਪ੍ਰਤੀ ਪੀਰੀਅਡ।

ਹਰ ਵਿਦਿਆਰਥੀ ਨੂੰ ਚਹੀਦਾ ਹੈ ਕਿ ਉਹ ਛੁੱਟੀ ਜਾਣ ਤੋਂ ਪਹਿਲਾ ਛੁੱਟੀ ਦੀ ਮਨਜ਼ੂਰੀ ਕਲਾਸ ਟਿਊਟਰ ਤੋਂ ਪ੍ਰਤੀ ਬੇਨਤੀ ਕਰਕੇ ਲਿਖਤੀ ਰੂਪ ਵਿੱਚ ਲਵੇ। ਜੇ ਉਹ ਪਹਿਲਾਂ ਅਜਿਹਾ ਨਹੀਂ ਕਰ ਸਕਦਾ ਤਾਂ ਵਾਪਸੀ ਤੋਂ ਦੋ ਦਿਨ ਤੱਕ ਇਹ ਮਨਜ਼ੂਰੀ ਜ਼ਰੂਰ ਲੈ ਲਵੇਗਾ।

(ੳ) ਹਰ ਇੱਕ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੀਆਂ ਹਾਜ਼ਰੀਆਂ ਦੇ ਬਾਰੇ ਹਰ ਮਹੀਨੇ ਦੇ ਅੰਤ ਤੇ ਜਾਣਕਾਰੀ ਪ੍ਰਾਪਤ ਕਰੇ।

(ਅ) ਸੂਚਿਤ ਮਿਤੀ ਤੋਂ 10 ਦਿਨਾਂ ਤੱਕ, ਜੇ ਫੀਸ ਦੀ ਅਦਾਇਗੀ ਨਾ ਕੀਤੀ ਗਈ ਤਾਂ ਅਜਿਹੇ ਵਿਦਿਆਰਥੀ ਦਾ ਨਾਮ ਪੱਕੇ ਤੌਰ 'ਤੇ ਕੱਟ ਦਿੱਤਾ ਜਾਵੇਗਾ।

(ੲ) ਜੋ ਵਿਦਿਆਰਥੀ ਅਕਾਦਮਿਕ ਸੈਸ਼ਨ ਦੋਰਾਨ ਲਗਾਤਾਰ 10 ਕੰਮਕਾਜੀ ਦਿਨ (Working Days) ਗੈਰ-ਹਾਜ਼ਰ ਰਹਿੰਦਾ ਹੈ, ਉਸ ਦਾ ਨਾਮ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਜੇਕਰ ਨਾਂ ਕੱਟਣ ਦੀ ਮਿਤੀ ਤੋਂ ਦੋ ਹਫਤੇ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਦਿਆਂ ਮੁੜ ਦਾਖਲੇ ਲਈ ਬੇਨਤੀ ਕਰਦੇ ਹਨ ਤਾਂ ਪ੍ਰਿੰਸੀਪਲ ਸਾਹਿਬ ਸਥਿਤੀ ਨੂੰ ਵੇਖਦੇ ਹੋਏ ਮੈਰਿਟ ਦੇ ਆਧਾਰ ਤੇ ਕੇਸ ਦਾ ਫੈਸਲਾ ਕਰਣਗੇ। ਤਿੰਨ ਹਫਤੇ ਦੇ ਸਮੇਂ ਤੋਂ ਬਾਅਦ ਕਿਸੇ ਤਰ੍ਹਾਂ ਵੀ ਰੀ-ਐਡਮਿਸ਼ਨ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

**ਕਾਲਜ ਵੱਲੋਂ ਸਭਿਆਚਾਰਕ ਪ੍ਰੋਗਰਾਮਾਂ ਜਾਂ ਖੇਡਾਂ ਦੇ ਜਾਂ ਹੋਰ ਸਮਾਗਮਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਮੰਤਵ ਲਈ ਜਾਣ ਤੋਂ ਪਹਿਲਾਂ ਕਲਾਸ ਦੇ ਟਿਊਟਰ/ਐਕਟੀਵਿਟੀ ਇਨਚਾਰਜ ਵੱਲੋਂ ਛੁੱਟੀ ਮਨਜ਼ੂਰ ਕਰਵਾ ਲੈਣ ਤਾਂ ਜੋ ਉਹਨਾਂ ਨੂੰ ਡਿਊਟੀ ਲੀਵ ਦਿੱਤੀ ਜਾਵੇ ਨਹੀਂ ਤਾਂ ਉਸਨੂੰ ਗੈਰ-ਹਾਜ਼ਰ ਸਮਝਿਆ ਜਾਵੇਗਾ।**

ਹਰ ਵਿਦਿਆਰਥੀ ਨੂੰ, ਜਦੋਂ ਉਹ ਕਾਲਜ ਵਿਚ ਦਾਖਲ ਹੁੰਦਾ ਹੈ,ਨਿਰਧਾਰਤ ਟਿਊਟੋਰੀਅਲ ਗਰੁੱਪ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇੰਚਾਰਜ ਅਧਿਆਪਕਾਂ ਰਾਹੀਂ ਨਿੱਜੀ ਤੋਰ ਤੇ ਵਿਦਿਆਰਥੀ ਨੂੰ ਸਹੀ ਅਗਵਾਈ ਤੇ ਸਲਾਹ ਦੇਣ ਦੇ ਦ੍ਰਿਸ਼ਟੀਕੋਣ ਤੋਂ ਟਿਊਟੋਰੀਅਲ ਪ੍ਰਬੰਧ ਭਰਪੂਰ ਸਹਾਈ ਹੁੰਦਾ ਹੈ। ਹਰੇਕ ਵਿਦਿਆਰਥੀ ਲਈ ਸਮੇਂ-ਸਮੇਂ ਤੇ ਲੱਗਣ ਵਾਲੇ ਇਹਨਾਂ ਟਿਊਟੋਰੀਅਲ ਪੀਰੀਅਡਾਂ ਵਿੱਚ ਹਾਜਰ ਹੋਣਾ ਲਾਜ਼ਮੀ ਹੋਵੇਗਾ।

## ਅਨੁਸ਼ਾਸਨ ਕਾਇਮ ਰੱਖਣ ਬਾਰੇ ਨਿਯਮ (RULES REGARDING DISCIPLINE)

ਕਾਲਜ ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ:

1. ਉਹ ਵਿਦਿਆਰਥੀ ਜੋ ਕਾਲਜ ਜਾਂ ਹੋਸਟਲ ਵਿਚ ਰੈਗਿੰਗ ਅਤੇ ਗੈਰ-ਸਮਾਜੀ ਅਤੇ ਸਮਾਜ ਵਿਰੋਧੀ ਕੰਮ ਕਰਨ ਜਾਂ ਕਾਲਜ/ਹੋਸਟਲ ਸੰਪਤੀ ਨੂੰ ਖਰਾਬ ਕਰਨਗੇ ਜਾਂ ਭੰਨਣ/ਤੋੜਨਗੇ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ
2. ਜੇ ਕੋਈ ਵਿਦਿਆਰਥੀ/ਵਿਦਿਆਰਥਣ ਅਨੁਸ਼ਾਸਨ ਭੰਗ/ਦੁਰਵਿਵਹਾਰ ਆਦਿ ਕਰਦਾ/ਕਰਦੀ ਹੈ ਤੇ ਉਸਦੇ ਆਚਰਣ-ਪੱਤਰ ਵਿਚ ਇਸ ਸੰਬੰਧੀ ਇੰਦਰਾਜ ਕੀਤਾ ਜਾ ਸਕਦਾ ਹੈ। ਉਸ ਵਿਦਿਆਰਥੀ ਨੂੰ ਅਗਲੀ ਕਲਾਸ ਵਿੱਚ ਦਾਖਲੇ ਤੋਂ ਰੋਕਿਆ ਜਾ ਸਕਦਾ ਹੈ।
3. ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਹੋਸਟਲ ਵਿਚੋਂ 15 ਦਿਨਾਂ ਲਈ ਕੱਢਿਆ ਜਾ ਸਕਦਾ ਹੈ।

### ਅਤਿ ਜ਼ਰੂਰੀ (MOST IMPORTANT )

**ਦਾਖਲ ਹੋਣ ਉਪਰੰਤ ਹਕੇਰ ਵਿਦਿਆਰਥੀ ਲਈ ਲਾਜ਼ਮੀ ਹੈ ਕਿ ਉਹ ਇੱਕ ਹਫ਼ਤੇ ਦੇ ਅੰਦਰ ਅੰਦਰ ਹੇਠ ਲਿਖੇ ਵੈਬਸਾਈਟ www.amanmovement.org. ਤੇ ਜਾਕੇ ਰੈਗਿੰਗ ਸਬੰਧੀ ਆਪਣੇ ਅਤੇ ਮਾਤਾ-ਪਿਤਾ ਵੱਲੋਂ 2 ਵੱਖਰੇ ਵੱਖਰੇ ਨਿਰਧਾਰਿਤ Anti Ragging Affidavit ਭਰਕੇ ਅਪਲੋਡ ਕਰੇਗਾ ਅਤੇ ਇਨ੍ਹਾਂ ਦੇ ਪ੍ਰਿੰਟ ਆਊਟ ਆਪਣੇ ਸਬੰਧਤ ਟਿਊਟਰ ਸਹਿਬਾਨ ਨੂੰ ਜਮ੍ਹਾਂ ਕਰਾਵੇਗਾ।**

4 **ਕਲਾਸਾਂ ਅਤੇ ਲਾਇਬ੍ਰੇਰੀ ਵਿੱਚ ਮੋਬਾਇਲ ਫੋਨ ਦੀ ਵਰਤੋਂ ਕਰਨਾ ਸਖਤ ਮਨ੍ਹਾਂ ਹੈ।**

5. ਪ੍ਰਿੰਸੀਪਲ ਸਾਹਿਬ ਦੀ ਮਨਜੂਰੀ ਤੋਂ ਬਿਨ੍ਹਾਂ ਵਿਦਿਆਰਥੀ ਕਾਲਜ/ਹੋਸਟਲ ਕੈਂਪਸ ਵਿਚ ਕੋਈ ਸਮਾਗਮ ਜਾਂ ਮੀਟਿੰਗ ਨਹੀਂ ਕਰ ਸਕਦੇ।

6. ਪ੍ਰਿੰਸੀਪਲ ਜਾਂ ਸਟਾਫ ਮੈਂਬਰਜ਼ ਵਲੋਂ ਜੇ ਕਿਸੇ ਵੀ ਵਿਦਿਆਰਥੀ ਜਾਂ ਵਿਦਿਆਰਥਣ ਨੂੰ ਸਭਿਆਚਾਰਕ ਸਗਰਮੀਆਂ ਵਿਚ ਭਾਗ ਲੈਣ ਲਈ ਜਾਂ ਕਾਲਜ ਦੇ ਕਿਸੇ ਹੋਰ ਕੰਮ ਲਈ ਕਿਹਾ ਜਾਵੇਗਾ ਤਾਂ ਉਸਨੂੰ ਲਾਜ਼ਮੀ ਤੌਰ ਤੇ ਉਹ ਡਿਊਟੀ ਨਿਭਾਉਣੀ ਪਵੇਗੀ। ਜਾਣ ਬੁੱਝ ਕੇ ਨਾਹ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

7. ਕਾਲਜ/ ਲੈਬ ਵਿਚ ਕਿਸੇ ਵੀ ਸਰਕਾਰੀ ਸਮਾਨ ਦੀ ਭੰਨ-ਤੋੜ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ

ਜਾਵੇਗੀ ਅਤੇ ਉਸਨੂੰ ਹਰਜਾਨਾ ਭਰਨਾ ਪਵੇਗਾ।

ਜੇਕਰ ਕੋਈ ਵੀ ਵਿਦਿਆਰਥੀ ਕਾਲਜ ਵਿਚ ਜਾਂ ਆਪਣੇ ਕਲਾਸ ਰੂਮ ਵਿਚ ਕੋਈ ਨੁਕਸਾਨ ਕਰੇਗਾ ਤਾਂ ਉਸ ਦੀ ਰਿਪੋਰਟ ਜਮਾਤ ਦੇ ਵਿਦਿਆਰਥੀ ਟਿਊਟਰ/ਪ੍ਰਿੰਸੀਪਲ ਨੂੰ ਕਰਨਗੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਨੁਕਸਾਨ ਦਾ ਹਰਜਾਨਾ ਅਤੇ ਜੁਰਮਾਨਾ ਸਾਰੀ ਜਮਾਤ ਤੋਂ ਵਸੂਲ ਕੀਤਾ ਜਾਵੇਗਾ।ਉਪਰੋਕਤ ਹਾਲਤਾਂ ਵਿਚ ਕਾਲਜ ਵਿਚੋਂ ਵਿਦਿਆਰਥੀ ਨੂੰ ਕਢੱਣ ਜਾਂ ਹੋਰ ਸਜਾ ਦੇਣ ਸੰਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ। ਇਸ ਤੋਂ ਵੱਧ ਹੱਦ ਟੱਪਣ ਤੇ ਇਹ ਮਸਲੇ ਕਾਲਜ ਕਾਉਂਸਲ ਨੂੰ ਸੌਂਪੇ ਜਾਣਗੇ।

## ਸ਼ਨਾਖਤੀ ਕਾਰਡ (IDENTITY CARD)

**ਦਾਖਲੇ ਤੋਂ ਇੱਕ ਮਹੀਨੇ ਦੇ ਅੰਦਰ ਹਰ ਵਿਦਿਆਰਥੀ ਲਈ ਕਾਲਜ ਵੱਲੋਂ ਜਾਰੀ ਕੀਤਾ ਜਾਂਦਾ ਆਪਣਾ ਸ਼ਨਾਖਤੀ ਕਾਰਡ ਬਨਾਉਣਾ ਲਾਜ਼ਮੀ ਹੋਵੇਗਾ।** ਇਹ ਸਨਾਖਤੀ ਕਾਰਡ ਹਰ ਸਮੇਂ ਕਾਲਜ ਵਿਚ ਵਿਦਿਆਰਥੀ ਪਾਸ ਹੋਣਾ ਲਾਜ਼ਮੀ ਹੋਵੇਗਾ ਅਤੇ ਕਿਸੇ ਵੀ ਕਰਮਚਾਰੀ/ਅਧਿਕਾਰੀ ਦੁਆਰਾ ਮੰਗੇ ਜਾਣ ਉਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ। ਵਿਦਿਆਰਥੀ ਵੱਲੋਂ ਸਨਾਖਤੀ ਕਾਰਡ ਵਿਖਾਉਣ ਤੋਂ ਇਨਕਾਰ ਕਰਨਾ ਅਨੁਸ਼ਾਸਨ ਭੰਗ ਕਰਨ ਦੀ ਕਾਰਵਾਈ ਮੰਨਿਆ ਜਾਵੇਗਾ। ਸ਼ਨਾਖਤੀ ਕਾਰਡ ਗੁੰਮ ਹੋਣ ਤੇ ਡੁਪਲੀਕਟ ਸ਼ਨਾਖਤੀ ਕਾਰਡ ਐਫ. ਆਈ. ਆਰ. ਦਰਜ ਕਰਾਉਣ ਉਪਰੰਤ ਹੀ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ 50 ਰੁਪਏ ਜਮ੍ਹਾਂ ਕਰਵਾ ਕੇ ਜਾਰੀ ਕੀਤਾ ਜਾਵੇਗਾ।

## ਕਾਲਜ ਛੱਡਣ ਸੰਬੰਧੀ ਨਿਯਮ (COLLEGE LEAVING RULES)

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਬਕਾਇਦਾ ਅਤੇ ਉਚਿਤ ਤੋਰ ਤੇ ਲਿਖਤੀ ਪੱਤਰ ਰਾਹੀਂ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਨਹੀਂ ਕੱਟਿਆ ਜਾਂਦਾ, ਉਨ੍ਹਾਂ ਨੂੰ ਕਾਲਜ ਦੇ  ਭਰਨ ਯੋਗ ਖਰਚੇ ਅਤੇ ਜੁਰਮਾਨੇ, ਜੋ ਉਸ ਵੱਲ ਨਿਕਲਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜੁਰਮਾਨੇ ਦੇ ਬਕਾਏ, ਕਾਲਜ ਜਾਂ ਹੋਸਟਲ ਦੇ ਖਰਚੇ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣ, ਉਨ੍ਹਾਂ ਨੂੰ ਆਚਰਣ ਪ੍ਰਮਾਣ-ਪੱਤਰ ਜਾਰੀ ਨਹੀਂ ਕੀਤਾ ਜਾਵੇਗਾ।

## ਲਾਇਬੇਰਰੀ (LIBRARY)

ਕਾਲਜ ਲਾਇਬਰ੍ਰੇਰੀ ਵਿਚ 20484 ਕਿਤਾਬਾਂ ਹਨ, ਲਾਇਬਰ੍ਰੇਰੀ ਉੱਤਮ ਪੁਸਤਕਾਂ ਨਾਲ ਭਰਪੂਰ ਹੈ, ਜੋ ਕਿ ਬੀ. ਕਾਮ. ਡਿਗਰੀ ਪੱਧਰ ਅਤੇ ਕਾਮਰਸ ਦੇ ਪੋਸਟ-ਗਰੈਜੂਏਟ, ਪੀ. ਜੀ. ਡੀ. ਸੀ. ਏ., ਬੀ. ਸੀ. ਏ. ਅਤੇ ਐਮ. ਐਸ. ਸੀ. (ਆਈ. ਟੀ.) ਦੇ ਵਿਦਿਆਰਥੀਆਂ ਲਈ ਲਾਭਦਾਇਕ ਹਨ। ਲਾਇਬਰੇਰੀ ਦਾ ਸੁੰਦਰ ਰੀਡਿੰਗ ਰੂਮ ਹੈ ਅਤੇ ਇੰਟਰਨੈਟ ਸੁਵਿਧਾ  ਵਿਦਿਆਰਥੀਆਂ ਨੂੰ ਬਿਨ੍ਹਾਂ ਫੀਸ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਕਾਲਜ ਲਾਇਬਰੇਰੀ ਵਿਚ 10 ਰੋਜ਼ਾਨਾ ਅਖਬਾਰ ਅਤੇ ਉੱਚ ਪੱਧਰ ਦੇ 42 ਮੈਗਜ਼ੀਨ ਮੁਹੱਈਆ ਕਰਵਾਏ ਹਨ। ਲਾਇਬਰੇਰੀ ਦੀਆਂ ਸੇਵਾਵਾਂ ਕੰਮਪਿਊਟਰਾਇਜ਼ਡ ਹਨ। ਵਿਦਿਆਰਥੀਆਂ ਲਈ Open Access ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ ਲਾਇਬ੍ਰੇਰੀ ਵਿਚ ਈ-ਬੁਕਸ ਅਤੇ ਈ-ਜਰਨਲਜ਼ ਸ਼ੁਰੂ ਕਰਨ ਸਬੰਧੀ ਜੂਨ 2013 ਤੋਂ INFLIBNET ਸੈਂਟਰ ਦਾ N-LIST ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 97000 ਈ-ਬੁਕਸ ਅਤੇ 6000 ਈ-ਜਨਰਲਜ਼ ਦਾ ਪ੍ਰਬੰਧ ਹੈ।

ਕਾਲਜ ਦਾ ਹਰ ਇੱਕ ਵਿਦਿਆਰਥੀ ਲਾਇਬਰੇਰੀ ਦਾ ਮੈਂਬਰ ਹੋਵੇਗਾ। ਹਰ ਵਿਦਿਆਰਥੀ/ ਵਿਦਿਆਰਥਣ ਆਪਣੇ ਸ਼ਨਾਖਤੀ ਕਾਰਡ ਦੁਆਰਾ ਦੋ ਹਫਤਿਆਂ ਲਈ ਪੁਸਤਕ ਕਢਵਾ ਸਕਦਾ ਹੈ। ਬੀ. ਕਾਮ., ਬੀ. ਸੀ. ਏ, ਅਤੇ ਪੀ. ਜੀ. ਡੀ. ਸੀ. ਏ. ਦੇ ਵਿਦਿਆਰਥੀਆਂ ਨੂੰ ਤਿੰਨ ਪੁਸਤਕਾਂ ਅਤੇ ਐਮ. ਕਾਮ. ਅਤੇ ਐਮ. ਐਸ. ਸੀ. (ਆਈ.ਟੀ.) ਦੇ ਵਿਦਿਆਰਥੀਆਂ ਨੂੰ ਚਾਰ ਪੁਸਤਕਾਂ ਜਾਰੀ ਕੀਤੀਆਂ ਜਾਣਗੀਆਂ। ਸਮੇਂ ਸਿਰ ਪੁਸਤਕਾਂ ਵਾਪਸ ਨਾ ਕਰਨ ਤੇ 50 ਪੈਸੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ।

ਹਰੇਕ ਪੁਸਤਕ ਠੀਕ ਹਾਲਤ ਵਿਚ ਵਾਪਸ ਕਰਨੀ ਵਿਦਿਆਰਥੀ/ਵਿਦਿਆਰਥਣ ਦੀ ਜ਼ਿੰਮਵੇਾਰੀ ਹੋਵੇਗੀ। ਪੁਸਤਕ ਦੀ ਖਰਾਬ ਹਾਲਤ ਜਾਂ ਪੰਨੇ ਫਟੇ ਹੋਣ ਤੇ ਪੁਸਤਕਾਂ ਦੀ ਨਵੀਂ ਕੀਮਤ ਵਸੂਲੀ ਜਾਂ ਪੁਸਤਕ ਦੇ ਬਦਲੇ ਪੁਸਤਕ ਲਈ ਜਾਵੇਗੀ।

ਲਾਇਬਰੇਰੀ ਤੋਂ ਪੁਸਤਕਾਂ ਬਿਨਾਂ ਜਾਰੀ ਕਰਵਾਏ ਬਾਹਰ ਲੈ ਜਾਣ ਦੀ ਸਖ਼ਤ ਮਨਾਹੀ ਹੈ, ਜੇ ਕੋਈ ਵਿਦਿਆਰਥੀ ਅਜਿਹਾ ਕਰਦਾ ਫੜਿਆ ਗਿਆ ਤਾਂ ਉਸ ਵਿਦਿਆਰਥੀ ਦੀਆਂ ਲਾਇਬਰੇਰੀ ਸੇਵਾਵਾਂ ਬੰਦ ਕਰ ਦਿੱਤੀਆਂ ਜਾ ਸਕਦੀਆਂ ਹਨ।

## ਬੁੱਕ ਬੈਂਕ (BOOK BANK)

ਕਾਲਜ ਲਾਇਬਰੇਰੀ ਵਿਚ ਯੂ. ਜੀ. ਸੀ. ਗਰਾਂਟ ਵਿੱਚੋਂ ਇੱਕ ਬੁੱਕ ਬੈਂਕ ਸ਼ੁਰੂ ਕੀਤਾ ਗਿਆ ਹੈ, ਜਿਸ ਵਿਚੋਂ ਲੋੜਵੰਦ ਵਿਦਿਆਰਥੀਆਂ ਨੂੰ ਪੁਸਤਕਾਂ ਮੈਰਿਟ ਤੇ ਮੀਨਜ਼ ਦੇ ਆਧਾਰ ਤੇ ਸਾਰੇ ਸੈਸ਼ਨ ਲਈ ਜਾਰੀ ਕੀਤੀਆਂ ਜਾਂਦੀਆਂ ਹਨ

## ਸ਼ਿਕਾਇਤ ਨਿਵਾਰਣ ਕਮੇਟੀ (GRIEVANCE REDRESSAL COMMITTEE)

ਵਿਦਿਆਰਣਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਅਤੇ ਉਹਨਾਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਜਾਂਦੇ ਸੁਝਾਵਾਂ  ਤੇ ਅਮਲ ਲਈਂ ਕਾਲਜ ਵਿਚ ਸ਼ਿਕਾਇਤ ਨਿਰਵਾਣ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਡਾ. ਪੀ.ਐਸ ਰੇਖੀ ਲੜਕਿਆਂ ਦੀਆਂ ਅਤੇ ਡਾ. ਵਨੀਤਾ ਲੜਕੀਆਂ ਦੀਆਂ ਸ਼ਿਕਾਇਤਾਂ ਦਾ ਨਿਵਾਰਣ ਕਰਨ ਲਈ ਕਮੇਟੀ ਦੇ ਇੰਚਾਰਜ ਹਨ। ਵਿਦਿਆਰਥੀ ਆਪਣੀਆਂ ਸ਼ਿਕਾਇਤਾਂ ਅਤੇ ਸੁਝਾਅ ਸ਼ਿਕਾਇਤ ਨਿਰਵਾਣ ਕਮੇਟੀ ਨੂੰ ਦੇ ਸਕਦੇ ਹਨ।

## ਕੰਪਿਊਟਰ ਲੈਬ (COMPUTER LAB)

ਕਾਲਜ ਵਿਚ ਬੀ. ਕਾਮ., ਅਤੇ ਐਮ.ਕਾਮ ਕਲਾਸਾਂ ਵਿੱਚ ਕੰਪਿਊਟਰ ਵਿਸ਼ੇ ਤੋਂ ਇਲਾਵਾ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ, ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਤੋ. ਬੀ.ਸੀ.ਏ. (ਤਿੰਨ ਸਾਲਾ) ਪੀ.ਜੀ.ਡੀ.ਸੀ.ਏ. (ਇੱਕ ਸਾਲਾ), ਐਮ.ਐਸ.ਸੀ. (ਆਈ.ਟੀ.) (ਦੋ ਸਾਲਾ)  ਅਤੇ ਐਮ.ਐਸ.ਸੀ. (ਆਈ.ਟੀ.)-ਲੇਟਰਲ ਐਂਟਰੀ (ਇੱਕ ਸਾਲਾ) ਸੈਲਫ਼ ਫ਼ਾਇਨਾਂਸ ਕੋਰਸ ਚਲ ਰਹੇ ਹਨ। ਵਿਦਿਆਰਥੀਆਂ ਲਈ ਤਿੰਨ ਹਾਈਟੈਕ ਅਤੇ ਵਾਤਾ ਅਨੁਕੂਲ ਲੈਬਜ਼ ਹਨ, ਜਿਨ੍ਹਾਂ ਵਿੱਚ ਕੰਪਿਊਟਰ, ਸਰਵਰ, ਪ੍ਰਿੰਟਰ, ਸਕੈਨਰ ਅਤੇ ਸਮਾਰਟ ਅਤੇ ਸਮਾਰਟ ਬੋਰਡ ਦੀ ਵਿਵਸਥਾ ਹੈ। ਇਸ ਤੋਂ ਇਲਾਵਾ ਨੈਟਵਰਕਿੰਗ, ਇੰਟਰਨੈਟ ਅਤੇ ਵਿਭਾਗੀ ਲਾਇਬ੍ਰੇਰੀ ਦੀ ਸਹੂਲਤ ਵੀ ਉਪਬਲੱਧ ਹੈ।

## ਮਾਪੇ-ਅਧਿਆਪਕ ਐਸੋਸੀਏਸ਼ਨ (PARENTS- TEACHERS ASSOCIATION)

ਵਿਦਿਆਰਥੀਆਂ ਦੀ ਲਗਾਤਾਰ ਤਰੱਕੀ ਬਾਰੇ ਜਾਣਕਾਰੀ ਦੇਣ ਲਈ ਮਾਪੇ-ਆਧਿਆਪਕ ਐਸ਼ੋਸੀਏਸ਼ਨ ਬਣਾਈ ਗਈ ਹੈ, ਜਿਸ ਵਿਚ ਮਾਪੇ ਅਤੇ ਅਧਿਆਪਕ ਸਮੇਂ ਸਮੇਂ ਇੱਕਠੇ ਬੈਠ ਕੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ। ਕਾਲਜ ਦੇ ਪ੍ਰਿੰਸੀਪਲ ਪਦਵੀ ਕਰਕੇ ਇਸ ਸੰਸਥਾ ਦੇ ਪ੍ਰਧਾਨ ਹਨ। ਇਸ ਐਸੋਸੀਏਸ਼ਨ ਦੇ ਆਹੁਦੇਦਾਰਾਂ ਦੀ ਚੋਣ ਹਰ ਸਾਲ ਜਨਰਲ ਹਾਊਸ ਦੀ ਮੀਟਿੰਗ ਵਿੱਚ ਹੁੰਦੀ ਹੈ। ਮਾਪਿਆ ਵਿੱਚੋਂ ਚੋਣ ਰਾਹੀਂ ਸੀਨੀਅਰ ਮੀਤ ਪ੍ਰਧਾਨ, ਸਕੱਤਰ ਅਤੇ ਹੋਰ ਕਾਰਜ-ਕਾਰੀ ਮੈਂਬਰ ਚੁਣੇ ਜਾਂਦੇ ਹਨ। **ਸ਼ੈਸਨ 2017-18 ਲਈ ਮਾਪੇ ਅਧਿਆਪਕ ਐਸ਼ੋਸੀਏਸ਼ਨ ਦੇ ਜਨਰਲ ਹਾਊਸ ਦੀ ਮੀਟਿੰਗ ਮਿਤੀ 22-07-2017 ਨੂੰ ਸਵੇਰੇ 11.30 ਵਜੇ ਪ੍ਰਿੰਸੀਪਲ ਸਾਹਿਬਾ ਦੀ ਪ੍ਰਧਾਨਗੀ ਹੇਠ ਕਾਲਜ ਵਿਖੇ ਹੋਵੇਗੀ, ਜਿਸ ਵਿਚ ਸ਼ਾਮਲ ਹੋਣ ਲਈ ਕਾਲਜ ਦੇ ਵਿਦਿਆਰਥਆਂ ਦੇ ਮਾਪਿਆਂ ਨੂੰ ਸੱਦਾ ਦਿੱਤਾ ਜਾਂਦਾ ਹੈ।** ਜੇ ਕਿਸੇ ਕਾਰਨ ਨਿਰਧਾਰਿਤ ਮਿਤੀ ਨੂੰ ਪੀ ਟੀ ਏ ਦੀ ਮੀਟਿੰਗ ਨਹੀਂ ਹੁੰਦੀ ਤਾਂ ਮੀਟਿੰਗ ਦੀ ਨਵੀਂ ਮਿਤੀ ਦੀ ਸੂਚਨਾ ਨੋਟਿਸ ਬੋਰਡ ਤੇ ਦਿੱਤੀ ਜਾਵੇਗੀ।

## ਵਿਦਿਆਰਥੀ ਸਭਾਵਾਂ (STUDENT SOCIETIES)

### ਯੂਥ ਕੱਲਬ (YOUTH CLUB)

ਯੂਥ ਕਲੱਬ ਦਾ ਮੰਤਵ ਵਿਦਿਆਰਥੀਆਂ ਵਿੱਚ ਭਾਸ਼ਣ ਕਲਾ ਅਤੇ ਕਲਾਤਮਕ ਰੁਚੀਆਂ ਨੂੰ ਪ੍ਰਫੁੱਲਤ ਕਰਨਾ ਹੈ। ਇਹ ਵੱਖ-ਵੱਖ ਭਾਸ਼ਾਵਾਂ ਵਿਚ ਅੰਤਰ ਕਲਾਸ/ਕਾਲਜ ਦੇ ਪੱਧਰ ਤੇ ਡੀਬੇਟ, ਭਾਸ਼ਣ ਅਤੇ ਸਿੰਮਪੋਜੀਆਂ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀ ਹੈ।

### ਸਭਿਆਚਾਰਕ ਸੁਸਾਇਟੀ (CULTURAL SOCIETY)

ਸਭਿਆਚਾਰਕ ਸੁਸਾਇਟੀ ਡਾ. ਕੁਸਮ ਲਤਾ ਦੀ ਅਗਵਾਈ ਅਧੀਨ ਕੰਮ ਕਰਦੀ ਆ ਰਹੀ ਹੈ। ਇਸ ਮੰਤਵ ਲਈ ਗਿੱਧਾ, ਭੰਗੜਾ, ਸਕਿੱਟ, ਇਕਾਂਗੀ, ਕਾਵਿ-ਉਚਾਰਣ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਸੁਸਾਇਟੀ ਦਾ ਮੰਤਵ ਰਾਸ਼ਟਰੀ/ਅੰਤਰ ਰਾਸ਼ਟਰੀ ਦਿਵਸ ਅਤੇ ਗੁਰੂ ਸਾਹਿਬਾਨਾਂ ਦੇ ਜਨਮ ਦਿਵਸ ਮਨਾਉਣਾ ਵੀ ਹੈ। ਹਰ ਸਾਲ ਕਾਲਜ ਵਿੱਚ ਵਿਦਿਆਰਥੀਆ ਦੇ ਪ੍ਰਤਿਭਾਖੋਜ ਮੁਕਾਬਲੇ ਕਰਵਾਏ ਜਾਂਦੇ ਹਨ।

### ਰੈਡ ਕਰਾਸ (RED CROSS)

ਇਸ ਕਾਲਜ ਵਿਚ 50 ਵਿਦਿਆਰਥੀਆਂ ਦਾ ਰੈਡ ਕਰਾਸ ਯੂਨਿਟ ਹੈ ਜੋ ਡਾ. ਰਿਤੂ ਕਪੂਰ ਦੀ ਅਗਵਾਈ ਵਿੱਚ ਕੰਮ ਕਰ ਰਿਹਾ ਹੈ। ਇਸ ਯੂਨਿਟ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਾਤ ਕਾਲੀਨ ਹਾਲਤਾਂ ਵਿਚ ਮੁੱਢਲੀ ਸਹਾਇਤਾ ਦੀ ਸਿਖਲਾਈ ਦੇਣਾ ਅਤੇ ਵਿਦਿਆਰਥੀਆਂ ਨੂੰ ਮੈਡੀਕਲ ਸੁਵਿਧਾਵਾਂ ਉਪਲਬੱਧ ਕਰਵਾਉਣਾ ਹੈ।

### ਏਡ ਫਾਰ ਸਫਰਿੰਗ ਹਿਊਮੈਨਟੀ (AID FOR SUFFERINGS- HUMANITY)

ਏਡ ਫਾਰ ਸਫਰਿੰਗ ਹਿਊਮਿਨਟੀ ਇੱਕ ਸਵੈ-ਇਛੱਤ ਸੰਸਥਾਂ ਹੈ ਜੋ ਕਾਲਜ ਦੇ ਵਿਦਿਆਰਥੀਆਂ ਅਤੇ ਡਾ. ਪਰਮਿੰਦਰ ਸਿੰਘ ਰੇਖੀ ਦੇ ਯਤਨਾਂ ਸਦਕਾ ਸਫਲਤਾ ਪੂਰਵਕ ਕੰਮ ਕਰ ਰਹੀ ਹੈ। ਇਸ ਸੰਸਥਾ ਦੁਆਰਾ ਗਰੀਬ ਮਰੀਜਾਂ ਨੂੰ ਹਸਪਤਾਲਾਂ ਵਿਚ ਜਾ ਕੇ ਲੋੜ ਅਨੁਸਾਰ ਦਵਾਈਆਂ ਤੇ ਲੋੜੀਂਦੀਆਂ ਵਸਤਾਂ ਅਤੇ ਮਾਲੀ ਸਹਾਇਤਾਂ ਦੇ ਰੂਪ ਵਿੱਚ ਮੁਹਈਆਂ ਕਰਵਾਈਆਂ ਜਾਂਦੀਆਂ ਹਨ।

### ਡਿਵਾਇਨ ਕਲੱਬ (DIVINE CLUB)

ਡਿਵਾਇਨ ਕਲੱਬ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਅਧਿਆਤਮਕ ਕਦਰਾਂ-ਕੀਮਤਾਂ ਤੋਂ ਜਾਣੂੰ ਕਰਵਾਉਣਾ ਅਤੇ ਸਮੇਂ ਸਮੇਂ ਅਧਿਆਤਮਕਤਾ ਪੂਰਵਕ ਸੰਬੰਧਿਤ ਵੱਖ-ਵੱਖ ਵਿਸ਼ਿਆਂ ਤੇ ਲੈਕਚਰ ਕਰਵਾਉਣਾ ਹੈ। ਇਹ ਕਲੱਬ ਪ੍ਰੋ. ਸੰਦੀਪ ਮਹਾਜਨ ਦੀ ਅਗਵਾਈ ਵਿੱਚ ਵਧੀਆਂ ਕੰਮ ਕਰ ਰਿਹਾ ਹੈ।

### ਇਨਵਾਇਰਨਮੈਂਟ ਸੁਸਾਇਟੀ (ENVIRONMENT SOCIETY)

ਕਾਲਜ ਕੈਂਪਸ ਨੂੰ ਸੁੰਦਰ ਅਤੇ ਹਰਾ ਭਰਾ ਬਣਾਉਣ ਲਈ ਕਾਲਜ ਵਿੱਚ ਇਨਵਾਇਰਨਮੈਂਟ ਸੁਸਾਇਟੀ ਬਣਾਈ ਗਈ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਮਨਾ ਵਿਚ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸੁਸਾਇਟੀ ਦੇ ਇੰਚਾਰਜ ਡਾ. ਵਨੀਤਾ ਗਰਗ ਹਨ।

### ਡੈਫ ਫਰੈਂਡਸ਼ਿਪ ਕਲੱਬ (DEAF FRIENDSHIP CLUB)

ਕਾਲਜ ਵਿਚ ਅਜਿਹੇ ਵਿਦਿਆਰਥੀਆਂ ਦੀ ਇੱਕ ਸੁਸਾਇਟੀ ਬਣੀ ਹੋਈ ਹੈ ਜਿਸਦੀ ਮਦਦ ਨਾਲ ਗੂੰਗੇ ਤੇ ਬੋਲੇ ਵਿਦਿਆਰਥੀ ਹਰ ਐਤਵਾਰ ਆਪਣੇ ਸੈਮੀਨਾਰ ਅਤੇ ਹੋਰ ਸਮਾਗਮ ਇਸ ਕਾਲਜ ਵਿੱਚ ਕਰਵਾਉਂਦੇ ਹਨ। ਇਹ ਸੁਸਾਇਟੀ ਡਾ. ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਵਧੀਆ ਕੰਮ ਕਰ ਰਹੀ ਹੈ।

### ਬਿਕਰਮ ਐਲੂਮਨਾਈ (ਗਲੋਬਲ) ਐਸੋਸੀਏਸ਼ਨ (BIKRAM ALUMNI (GLOBAL) ASSOCIATION)

ਕਾਲਜ ਵਲੋਂ ਉਪਰੋਕਤ ਨਾਮ ਦੀ ਸੰਸਥਾ ਬਣਾਈ ਗਈ ਹੈ ਜਿਸ ਵਿਚ ਪੁਰਾਣੇ ਵਿਦਿਆਰਥੀ ਅਤੇ ਫੈਕਲਟੀ ਮੈਂਬਰਜ਼ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੰਸਥਾ ਵਲੋਂ ਇੱਕਤਰ ਕੀਤਾ ਗਿਆ ਧਨ ਵਿਦਿਆਰਥੀਆਂ ਅਤੇ ਸੰਸਥਾ ਦੀ ਭਲਾਈ ਅਤੇ ਬੇਹਤਰੀ ਲਈ ਖਰਚ ਕੀਤਾ ਜਾਂਦਾ ਹੈ। ਹਰ ਸਾਲ ਇਸਦੇ ਮੈਂਬਰਾਂ ਦਾ ਜਰਨਲ ਇਜਲਾਸ ਸੱਦਿਆ ਜਾਂਦਾ ਹੈ।

### ਐਨ. ਸੀ. ਸੀ. (ਇੰਨਫੈਂਟਰੀ) (N.C.C.)

ਕਾਲਜ ਵਿੱਚ ਐਨ. ਸੀ. ਸੀ. ਵਿੱਚ ਭਰਤੀ ਕੀਤੇ ਕੈਡਿਟਾਂ ਨੂੰ ਐਨ. ਸੀ. ਸੀ. ਕਮਿੰਸ਼ਡ ਅਫਸਰਾਂ ਦੁਆਰਾ ਸਿਖਲਾਈ ਦਿੱਤੀ ਜਾਂਦੀ ਹੈ। ਕੈਡਿਟਸ ਨੂੰ ਬੀ ਅਤੇ ਸੀ ਸਰਟੀਫਿਕੇਟ ਇਮਤਿਹਾਨਾਂ ਲਈ ਵਿਸ਼ੇਸ਼

ਤਿਆਰੀ ਕਰਵਾਈ ਜਾਂਦੀ ਹੈ ਅਤੇ ਸਰਟੀਫਿਕੇਟ ਪ੍ਰਾਪਤ ਕਰਨ ਵਾਲੇ ਕੈਡਿਟਾਂ ਨੂੰ ਸੁਰੱਖਿਆ/ਸਿਵਲ ਸੇਵਾਵਾਂ ਵਿੱਚ ਭਰਤੀ ਲਈ ਪਹਿਲ ਦਿੱਤੀ ਜਾਂਦੀ ਹੈ। ਚੁਣੇ ਹੋਏ ਐਨ. ਸੀ. ਸੀ. ਕੈਡਿਟ ਆਲ ਇੰਡੀਆ ਮਾਊਨਟੇਨਰਿੰਗ ਅਡਵਾਂਸ ਅਤੇ ਬੇਸਿਕ ਲੀਡਰਸ਼ਿਪ ਕੋਰਸਾਂ ਲਈ ਭੇਜੇ ਜਾਂਦੇ ਹਨ। ਵਾਟਰ ਸਕੀਇੰਗ, ਆਈ. ਐਨ. ਐਸ., ਪੇਰਾਮਿਲਟਰੀ ਟਰੇਨਿੰਗ, ਸਮੁੰਦਰੀ ਸਿਖਲਾਈ ਅਤੇ ਰੈਗੂਲਰ ਅਟੈਚਮੈਂਟ ਕੋਰਸਾਂ ਲਈ ਕੈਡਿਟ ਚੁਣ ਕੇ ਭੇਜੇ ਜਾਂਦੇ ਹਨ। ਉੱਤਮ ਨਿਸ਼ਾਨਚੀਆਂ ਨੂੰ ਕਾਲਜ ਰਾਈਫਲ ਸ਼ੂਟਿੰਗ ਟੀਮ (ਲੜਕਿਆਂ) ਵਿੱਚ ਸ਼ਾਮਲ ਕਰਕੇ ਅੰਤਰ ਯੂਨੀਵਰਸਿਟੀ ਰਾਈਫਲ ਸ਼ੂਟਿੰਗ ਮੁਕਾਬਲਿਆਂ ਵਿੱਚ ਭੇਜਿਆ ਜਾਂਦਾ ਹੈ। ਮੇਜਰ ਸੰਦੀਪ ਮਹਾਜਨ ਐਨ. ਸੀ. ਸੀ. (ਇੰਨਫੈਂਟਰੀ ਵਿੰਗ) ਦੇ ਇੰਚਾਰਜ ਹਨ।

## ਕੌਮੀ ਸੇਵਾ ਯੋਜਨਾਂ (N.S.S.)

ਐਨ. ਐਸ. ਐਸ. ਦਾ ਮੰਤਵ ਵਿਦਿਆਰਥੀਆਂ ਵਿੱਚ ਕੌਮੀ, ਸਮਾਜਕ ਅਤੇ ਮਾਨਵਤਾ ਦੀ ਸੇਵਾ ਭਾਵਨਾ ਪੈਦਾ ਕਰਨਾ ਹੈ। ਇਸ ਦਾ ਮੰਤਵ ਭਰਾਤਰੀ ਭਾਵ ਪੈਦਾ ਕਰਨਾ ਅਤੇ ਸਾਥੀ ਮਨੁੱਖਾਂ ਦੀ ਬਿਹਤਰੀ ਲਈ ਕੰਮ ਕਰਨਾ ਵੀ ਹੈ। ਉਹ ਐਨ. ਐਸ. ਐਸ. ਵਲੰਟੀਅਰ, ਜੋ ਇੱਕ ਰੋਜਾ ਕੈਪ ਅਤੇ 7 ਰੋਜਾ ਕੈਂਪ ਨੇਸ਼ਨਲ ਇੰਟੀਗ੍ਰੇਸ਼ਨ ਕੈਪਾਂ ਅਤੇ ਅਡਵੈਂਚਰ ਕੈਪਾਂ ਸਮੇਤ ਖ਼ੂਨ ਦਾਨ ਜਾਂ ਬਾਲਗ ਵਿਦਿਆ ਦੇ ਕਾਰਜਾਂ ਵਿਚ ਹਿੱਸਾ ਲੈਂਦੇ ਹਨ, ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਬੀ ਅਤੇ ਸੀ ਸਰਟੀਫਿਕੇਟ ਵੀ ਦਿੱਤੇ ਜਾਂਦੇ ਹਨ। ਇਹਨਾਂ ਸਰਟੀਫਿਕੇਟਾਂ ਦੇ ਆਧਾਰ ਤੇ ਉਹਨਾਂ ਨੂੰ ਉਚੇਰੀ ਜਮਾਤ ਵਿੱਚ ਦਾਖਲੇ ਲਈ ਅਤੇ ਸਰਕਾਰੀ ਅਤੇ ਦੂਜੇ ਅਦਾਰਿਆਂ ਵਿੱਚ ਨੌਕਰੀਆਂ ਪ੍ਰਾਪਤ ਕਰਨ ਸਮੇਂ ਤਰਜੀਹ ਦਿੱਤੀ ਜਾਂਦੀ ਹੈ। ਡਾ. ਵਨੀਤਾ ਅਤੇ ਪ੍ਰੋ. ਰਾਮ ਕੁਮਾਰ ਅਤੇ ਡਾ. ਰੇਖਾ ਐਨ.ਐਸ.ਐਸ. ਪ੍ਰੋਗ੍ਰਾਮ ਅਫਸਰਾਂ ਵਜੋਂ ਇਨ੍ਹਾਂ ਸਰਗਰਮੀਆਂ ਦੀ ਸੇਵਾ ਨਿਭਾ ਰਹੇ ਹਨ। ਇਸ ਕਾਲਜ ਵਿੱਚ ਐਨ.ਐਸ.ਐਸ. ਦੇ ਤਿੰਨ ਯੁਨਿਟ, ਇੱਕ ਯੁਨਿਟ ਲੜਕੀਆਂ ਲਈ ਅਤੇ ਦੋ ਯੁਨਿਟ ਲੜਕਿਆਂ ਲਈ ਚਲ ਰਹੇ ਹਨ।

## ਲੀਗਲ ਲਿਟਰੇਸੀ ਸੈਲ (LEGAL LITERACY CELL)

ਸਰਕਾਰੀ ਹੁਕਮਾਂ ਅਨੁਸਾਰ ਕਾਲਜ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਮੁੱਢਲੀ ਕਾਨੂੰਨੀ ਜਾਣਕਾਰੀ ਦੇਣ ਦੇ ਮੰਤਵ ਲਈ ਸਥਾਪਿਤ ਇਸ ਸੈਲ ਦੀ ਸਥਾਪਨਾ ਕੀਤੀ ਗਈ ਹੈ। ਅਕਾਦਮਿਕ ਸ਼ੈਸਨ ਦੌਰਾਨ ਕਾਨੂੰਨ ਦੇ ਖੇਤਰ ਦੇ ਸਿਰਕੱਢ ਵਿਸ਼ਾ ਮਾਹਿਰਾ ਨੂੰ ਸੱਦਾ ਦੇ ਕੇ ਵਿਦਿਆਰਥੀਆਂ ਨੂੰ ਕਾਨੂੰਨੀ ਮਸਲਿਆ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਸੈੱਲ ਡਾ. ਕੁਸਮ ਲਤਾ ਦੀ ਦੇਖ ਰੇਖ ਵਿੱਚ ਚੱਲ ਰਿਹਾ ਹੈ।

## ਖੇਡਾਂ (SPORTS)

ਡਾ. ਪੀ.ਐਸ. ਰੇਖੀ ਦੀ ਯੋਗ ਅਗਵਾਈ ਵਿੱਚ ਕਾਲਜ ਵਲੋਂ, ਟੇਬਲ ਟੈਨਿਸ, ਬੈਡਮਿੰਟਨ, ਚੈਸ, ਵਾਲੀਬਾਲ, ਹੈਂਡਬਾਲ, ਵੇਟ ਲਿਫਟਿੰਗ, ਕ੍ਰਿਕਟ ਜਿਮਨਾਸਟਿਕ, ਅਥਲੈਟਿਕਸ ਖੇਡਣ ਲਈ ਵਿਸ਼ੇਸ਼ ਸਹੂਲਤਾਂ ਮੁਹਈਆ ਹਨ। ਇਨ੍ਹਾਂ ਖੇਡਾਂ ਲਈ ਵੱਖ-ਵੱਖ ਕਲੱਬ ਸਥਾਪਿਤ ਕੀਤੇ ਗਏ ਹਨ, ਵਿਦਿਆਰਥੀਆਂ ਨੂੰ ਉਹਨਾਂ ਦੀਆਂ ਉਪਲੱਬਧੀਆਂ ਦੇ ਆਧਾਰ ਤੇ ਮੈਰਿਟ ਸਰਟੀਫਿਕੇਟ, ਕਾਲਜ ਕਲਰ ਅਤੇ ਰੋਲ ਆਫ ਆਨਰ ਨਾਲ ਸਨਮਾਨਿਆ ਜਾਂਦਾ ਹੈ।

## ਕਾਲਜ ਮੈਗਜ਼ੀਨ (COLLEGE MAGAZINE)

"ਬਿਕਰਮ" ਇੱਕ ਸਲਾਨਾ ਪ੍ਰਕਾਸ਼ਨ ਹੈ। ਇਸ ਮੈਗਜੀਨ ਵਿੱਚ ਕਾਮਰਸ, ਇਕਨਾਮਿਕਸ, ਕੰਪਿਊਟਰ ਅਤੇ ਹੋਰ ਮਹੱਤਵ ਪੂਰਨ ਵਿਸ਼ਿਆ ਨਾਲ ਸੰਬੰਧਤ ਲੇਖ ਅਤੇ ਪ੍ਰਕਾਸ਼ਨਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਮੰਤਵ ਵਿਦਿਆਰਥੀਆਂ ਅੰਦਰ ਸਿਰਜਣਾਤਮਕ ਰੁਚੀਆਂ ਪੈਦਾ ਕਰਨਾ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਨੂੰ ਪ੍ਰਕਾਸ਼ਨ-ਮੰਡਲ ਵਿੱਚ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ।

## ਗਲਿੰਪਸਿਜ਼ (GLIMPSES)

ਕਾਲਜ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਹੋਈਆਂ ਪ੍ਰਾਪਤੀਆਂ ਨੂੰ ਦਰਸਾਉਣ ਲਈ ਕਾਲਜ ਦਾ ਨਿਊਜ਼ਲੈਟਰ ਗਲਿੰਪਸਿਜ਼ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਦੇ ਇੰਚਾਰਜ ਡਾ. ਪਰਮਿੰਦਰ ਸਿੰਘ ਰੇਖੀ ਹਨ।

## ਮੈਡੀਕਲ ਸਹੂਲਤ (MEDICAL FACILITY)

ਕਾਲਜ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਕਾਲਜ ਦੇ ਰੈਡ ਕਰਾਸ ਸੈਲ ਵਲੋਂ ਦਿੱਤੀ ਜਾਂਦੀ ਹੈ। ਇਸ ਸੈਲ ਦੇ ਇੰਚਾਰਜ ਡਾ. ਰਿਤੂ ਕਪੂਰ ਹਨ।

## ਹੋਸਟਲ (HOSTEL)

ਕਾਲਜ ਦੇ ਵਿਦਿਆਰਥੀਆਂ ਲੜਕੇ ਅਤੇ ਲੜਕੀਆਂ ਲਈ ਸਟੇਟ ਕਾਲਜ ਆਫ਼ ਐਜੂਕੇਸ਼ਨ ਦੇ ਹੋਸਟਲਾ ਵਿੱਚ ਸੀਮਿਤ ਸੀਟਾਂ ਉਪਲਬੱਧ ਹਨ। ਹੋਸਟਲ ਲਈ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਜਾਂਦੀ ਹੈ। ਹੋਸਟਲ ਵਿਚ ਰਹਿਣ ਵਾਲੇ ਹਰ ਇੱਕ ਵਿਦਿਆਰਥੀ ਨੂੰ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

1. ਕੋਈ ਵੀ ਹੋਸਟਲ ਵਿੱਚ ਰਹਿਣ ਵਾਲਾ ਬੋਰਡਰ ਆਪਣੇ ਰਿਸ਼ਤੇਦਾਰ ਨੂੰ ਹੋਸਟਲ ਵਿਚ ਨਹੀਂ ਠਹਿਰਾਏਗਾ।
2. ਕੋਈ ਵੀ ਬੋਰਡਰ ਆਪਣੇ ਕਿਸੇ ਜਨਾਨਾ ਰਿਸ਼ਤੇਦਾਰ ਨੂੰ ਆਪਣੇ ਕੋਲ ਨਹੀਂ ਠਰਿਹਾ ਸਕਦਾ।
3. ਹਰ ਇੱਕ ਬੋਰਡਰ ਆਪਣੇ ਕਮਰੇ ਦੀ ਦੂਸਰੀ ਚਾਬੀ ਹੋਸਟਲ ਵਾਰਡਨ ਨੂੰ ਸੰਭਾਲੇਗਾ।
4. ਕੋਈ ਵੀ ਵਿਦਿਆਰਥੀ ਚਾਕੂ ਜਾਂ ਕੋਈ ਅਸਲਾ ਆਪਣੇ ਕਮਰੇ ਵਿੱਚ ਨਹੀਂ ਰੱਖ ਸਕਦਾ।
5. ਹਰ ਇੱਕ ਬੋਰਡਰ ਆਪਣੇ ਆਉਣ ਜਾਣ ਸੰਬੰਧੀ ਵੇਰਵਾ ਹੋਸਟਲ ਰਜਿਸਟਰ ਵਿੱਚ ਆਪਣੇ ਹੱਥੀਂ ਦਰਜ ਕਰੇਗਾ। ਹੋਸਟਲ ਛੱਡਣ ਦੀ ਦਸ਼ਾ ਵਿੱਚ ਵਾਰਡਨ ਦੀ ਪੂਰਵ ਆਗਿਆ ਲੈਣੀ ਜ਼ਰੂਰੀ ਹੈ।
6. ਰਾਤ ਦੇ 10 ਵਜੇ ਤੋਂ ਬਾਅਦ ਕੋਈ ਵੀ ਬੋਰਡਰ ਹੋਸਟਲ ਵਿੱਚ ਦਾਖਲ ਨਹੀਂ ਹੋ ਸਕਦਾ।
7. ਹਰ ਇੱਕ ਬੋਰਡਰ ਆਪਣੇ ਹੋਸਟਲ ਬਿਲਾਂ ਦਾ ਹਰ ਮਹੀਨੇ ਦੀ 7 ਤਾਰੀਖ ਤੱਕ ਭੁਗਤਾਨ ਕਰੇਗਾ। ਕਿਸੇ ਲੋੜੀਂਦੀ ਅਵਸਥਾ ਵਿੱਚ ਅਦਾਇਗੀ ਦੇ ਸਮੇਂ ਵਿੱਚ ਵਾਧੇ ਲਈ ਵਾਰਡਨ ਦੀ ਵਿਸ਼ੇਸ਼ ਆਗਿਆ ਲੈਣੀ ਜ਼ਰੂਰੀ ਹੈ।
8. ਕੋਈ ਵੀ ਵਿਦਿਆਰਥੀ ਹੋਸਟਲ ਵਿੱਚ ਨਸ਼ੇ ਵਾਲੀ ਵਸਤੂ ਸ਼ਰਾਬ ਆਦਿ ਨਹੀਂ ਵਰਤੇਗਾ। ਹੋਸਟਲ ਵਿੱਚ ਸਿਗਰਟ ਪੀਣ ਦੀ ਸਖ਼ਤ ਮਨਾਹੀ ਹੈ।
9. ਹਰ ਇੱਕ ਬੋਰਡਰ ਆਪਣੇ ਕਮਰੇ ਵਿੱਚ ਸਥਿਤ ਫਰਨੀਚਰ, ਬਿਜਲੀ, ਬਾਰੀਆਂ ਅਤੇ ਅਲਮਾਰੀਆਂ ਦੀ ਹਿਫਾਜ਼ਤ ਲਈ ਖੁਦ ਜ਼ਿੰਮੇਵਾਰ ਹੋਵੇਗਾ।
10. ਕੋਈ ਵੀ ਬੋਰਡਰ ਬਿਜਲੀ ਚਾਲਕ ਵਸਤਾਂ, ਪਰੈਸ, ਹੀਟਰ, ਕੈਟਲ ਆਦਿ ਆਪਣੇ ਕਮਰੇ ਵਿੱਚ ਨਹੀਂ ਰੱਖ ਸਕਦਾ। ਜੇਕਰ ਕੋਈ ਅਜਿਹੀ ਉਲੰਘਣਾ ਕਰੇਗਾ ਤਾਂ ਉਸ ਨੂੰ ਹੋਸਟਲ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ ਅਤੇ 50 ਰੁਪਏ ਜੁਰਮਾਨਾ ਵੀ ਕੀਤਾ ਜਾਵੇਗਾ।
13. ਕੋਈ ਵੀ ਬੋਰਡਰ ਹੋਸਟਲ ਵਿੱਚ ਕਾਰ, ਸਕੂਟਰ ਜਾਂ ਮੋਟਰ ਸਾਇਕਲ ਵਾਰਡਨ ਦੀ ਆਗਿਆ ਤੋਂ ਬਿਨਾਂ ਨਹੀਂ ਰੱਖ ਸਕਦਾ।
15. ਜੇਕਰ ਕੋਈ ਵਿਦਿਆਰਥੀ ਕਿਸੇ ਪੁਲਿਸ ਕੇਸ ਵਿੱਚ ਫਸ ਜਾਂਦਾ ਹੈ ਤਾਂ ਉਸ ਨੂੰ ਫੋਰਨ ਹੋਸਟਲ ਖਾਲੀ ਕਰਨਾ ਪਵੇਗਾ।
17. ਹੋਸਟਲ ਵਾਰਡਨ ਨਿਯਮਾਂ ਵਿੱਚ ਕਦੇ ਵੀ ਕੋਈ ਨਿਯਮ ਬਦਲ ਸਕਦਾ ਹੈ। ਜਿਹੜਾ ਬੋਰਡਰ ਉਪਰੋਕਤ ਦਿੱਤੇ ਗਏ ਨਿਯਮਾਂ ਦੀ ਪਾਲਣਾ ਨਹੀਂ ਕਰੇਗਾ, ਉਸ ਨੂੰ ਹੋਸਟਲ ਵਿੱਚੋ ਕੱਢ ਦਿੱਤਾ ਜਾਵੇਗਾ।

**ਹੋਸਟਲ ਦੀ ਸੁਵਿਧਾਂ ਪ੍ਰਾਪਤ ਕਰਨ ਲਈ ਦਾਖਲੇ ਤੋਂ ਉਪਰੰਤ ਵਿਦਿਆਰਥੀ/ਮਾਪੇ ਇਸ ਕਾਲਜ ਦੇ ਪ੍ਰੋਫੇਸਰ ਇੰਚਾਰਜ ਡਾ. ਪੀ.ਐਸ. ਰੇਖੀ (ਲੜਕਿਆਂ ਲਈ) ਅਤੇ ਡਾ. ਜਸਪ੍ਰੀਤ ਕੌਰ (ਲੜਕੀਆਂ ਲਈ) ਨਾਲ ਸੰਪਰਕ ਕਰ ਸਕਦੇ ਹਨ।**

## ਰਿਸਰਚ, ਕੌਂਸਲਿੰਗ ਅਤੇ ਪਲੇਸਮੈਂਟ ਸੈਲ (RESEARCH, COUNSELLING AND PLACEMENT CELL)

ਕਾਲਜ ਵਿੱਚ ਵਿਦਿਆਰਥੀਆਂ ਨੂੰ ਰਿਸਰਚ ਕੌਸਲਿੰਗ ਅਤੇ ਪਲੇਸਮੈਂਟ ਲਈ ਯੋਗ ਅਗਵਾਈ ਦੇਣ ਲਈ ਪਲੇਸਮੈਂਟ ਸੈਲ ਦੀ ਸਥਾਪਨਾ ਕੀਤੀ ਗਈ ਹੈ। ਇਸ ਦੇ ਇੰਚਾਰਜ ਪ੍ਰੋ. ਰਾਮ ਕੁਮਾਰ ਹਨ। ਹਰ ਸਾਲ ਸਿਰਕੱਢ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਕੰਪਨੀਆਂ, ਵੱਖ-ਵੱਖ ਬੈਂਕਾਂ ਅਤੇ ਇੰਡਸਟਰੀਆਂ ਦੁਆਰਾ ਕਾਲਜ ਵਿੱਚੋਂ ਵਿਦਿਅਰਥੀਆਂ ਦੀ ਪਲੇਸਮੈਂਟ ਲਈ ਜਿਵੇਂ ਕਿ ਐਕਸਿਸ ਬੈਂਕ (Axis Bank), ਇੰਸੋਰੈਂਸ ਕਾਰਪੋਰੇਸ਼ਨ (Insurance Coporation), ਵਿਪਰੋ (BPO), IBM, Infosys, TV ਚੈਨਲ ਅਤੇ ਵਰਧਮਾਨ ਗਰੁੱਪ ਆਦਿ ਦੁਆਰਾ ਕੀਤੀ ਜਾਂਦੀ ਹੈ।

## ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫ਼ਿਕੇਟ ਪ੍ਰਦਾਨ ਕਰਨ ਸੰਬੰਧੀ ਨਿਯਮ (RULES REGARDING ROLL OF HONOUR, COLLEGE COLOUR AND MERIT CERTIFICATE)

1. ਕਿਸੇ ਵਿਦਿਆਰਥੀ ਨੂੰ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਰੇਟ ਦੇਣ ਬਾਰੇ ਤਾਂ ਹੀ ਵਿਚਾਰ ਕੀਤਾ ਜਾਵੇਗਾ, ਜੇਕਰ ਉਸ ਦਾ ਆਚਰਣ ਬਿਲਕੁਲ ਠੀਕ ਹੋਵੇਗਾ। ਜਿਸ ਵਿਦਿਆਰਥੀ ਨੂੰ ਕਿਸੇ ਵੀ ਕਾਰਨ ਕਰਕੇ ਅਯੋਗ ਕਰਾਰ ਦਿੱਤਾ ਹੋਵੇਗਾ, ਉਸ ਨੂੰ ਕਿਸੇ ਵੀ ਐਵਾਰਡ ਦੇ ਯੋਗ ਨਹੀਂ ਸਮਝਿਆ ਜਾਵੇਗਾ।
2. ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸੰਬੰਧੀ ਬਣਾਏ ਗਏ ਨਿਯਮਾਂ ਵਿਚ ਅਦਲਾ-ਬਦਲੀ ਦਾ ਅਧਿਕਾਰ ਕੇਵਲ ਪ੍ਰਿੰਸੀਪਲ ਸਾਹਿਬ ਨੂੰ ਹੋਵੇਗਾ।
3. ਜੇਕਰ ਕੋਈ ਵਿਦਿਆਰਥੀ ਬਿਨ੍ਹਾਂ ਕਿਸੇ ਠੋਸ ਕਾਰਨ ਦੇ ਯੂਨੀਵਰਸਿਟੀ ਮੈਚਾਂ ਵਿਚ ਕਿਸੇ ਵੀ ਪ੍ਰਤੀਯੋਗਤਾ ਲਈ ਕਾਲਜ ਟੀਮ ਵਲੋਂ ਖੇਡਣ ਤੋਂ ਨਾਂਹ ਕਰੇਗਾ ਤਾਂ ਰੋਲ ਆਫ ਆਨਰ/ਕਾਲਜ ਕਲਰ/ਮੈਰਿਟ ਸਰਟੀਫਿਕੇਟ ਵਾਪਸ ਲੈ ਲਿਆ ਜਾਵੇਗਾ।
4. ਉੱਘੀ ਪ੍ਰਾਪਤੀ ਵਾਲੇ ਅਜਿਹਾ ਕੇਸਾਂ ਤੇ ਜਿਹੜੇ ਕਿ ਇਨ੍ਹਾਂ ਨਿਯਮਾਂ ਵਿਚ ਬਿਆਨ ਨਹੀਂ ਕੀਤੇ ਗਏ, ਪ੍ਰਿੰਸੀਪਲ ਸਾਹਿਬ ਵਲੋਂ ਵਿਚਾਰ ਕੀਤਾ ਜਾਵੇਗਾ ਅਤੇ ਪ੍ਰਿੰਸੀਪਲ ਸਾਹਿਬ ਵਲੋਂ ਕੀਤਾ ਗਿਆ ਫੈਸਲਾ ਪ੍ਰਵਾਨ ਕੀਤਾ ਜਾਵੇਗਾ।
5. ਜਿਸ ਖਿਡਾਰੀ ਦਾ ਨਾਂ ਆਨਰ ਪ੍ਰਦਾਨ ਕਰਨ ਲਈ ਵਿਚਾਰਿਆ ਜਾਂਦਾ ਹੈ, ਉਸ ਖਿਡਾਰੀ ਨੂੰ ਕਾਲਜ ਵਲੋਂ ਪ੍ਰਤੀਯੋਗਿਤਾ ਲਈ ਭੇਜਿਆ ਗਿਆ ਹੋਣਾ ਚਾਹੀਦਾ ਹੈ।
6. ਜਿਹੜਾ ਵਿਦਿਆਰਥੀ ਡਿਊਟੀ ਤੇ ਜਾਵੇਗਾ, ਉਸ ਦਾ ਡਿਊਟੀ ਪੀਰੀਅਡ ਛੱਡ ਕੇ ਬਾਕੀ ਲੈਕਚਰਾਂ ਵਿਚ ਉਸ ਨੂੰ ਯੂਨੀਵਰਸਿਟੀ ਕੰਡੀਸ਼ਨ ਪੂਰੀ ਕਰਨੀ ਪਵੇਗੀ।

**ਕਾਲਜ ਵਲੋਂ ਨਿਮਨਲਿਖਿਤ ਖੇਤਰਾਂ ਵਿੱਚ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ।**

## ਅਕਾਦਮਿਕ (ACADEMICS)

### 1. ਰੋਲ ਆਫ ਆਨਰ (ROLL OF HONOUR)

1. ਯੂਨੀਵਰਸਿਟੀ ਪ੍ਰੀਖਿਆ ਫਸਟ ਡਿਵੀਜ਼ਨ ਵਿਚ ਪਾਸ ਕਰਕੇ, ਯੂਨੀਵਰਸਿਟੀ ਵਿੱਚੋਂ ਪਹਿਲੀਆਂ ਦੱਸ ਪੁਜ਼ੀਸ਼ਨਾਂ ਵਿੱਚ ਸਥਾਨ ਹਾਸਿਲ ਕੀਤਾ ਹੋਵੇ। ਇਹ ਪ੍ਰੀਖਿਆ ਉਸਨੇ ਪਹਿਲੇ ਯਤਨ ਵਿਚ ਹੀ ਪਾਸ ਕੀਤੀ ਹੋਵੇ। ਸਪਲੀਮੈਂਟ ਪ੍ਰੀਖਿਆ ਵਿੱਚ ਫਸਟ ਆਉਣ ਵਾਲੇ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਵੇਗੀ।
2. ਇਸ ਮੰਤਵ ਲਈ ਨਿਮਨਲਿਖਿਤ ਕਾਲਸਾਂ ਨੂੰ ਇੱਕ-ਇੱਕ ਕਲਾਸ ਵਿਚ ਗਿਣਿਆ ਜਾਵੇਗਾ ਅਤੇ ਐਵਾਰਡ ਕੇਵਲ ਆਖਰੀ ਕਲਾਸ ਵਿਚ ਦਿੱਤਾ ਜਾਵੇਗਾ।

(ੳ) ਐਮ. ਕਾਮ. ਅਤੇ ਐਮ.ਐਸ.ਸੀ. (ਆਈ.ਟੀ.) ਭਾਗ ਪਹਿਲਾ ਅਤੇ ਦੂਜਾ

(ਅ) ਬੀ. ਕਾਮ. ਅਤੇ ਬੀ.ਸੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ

### 2. ਕਾਲਜ ਕਲਰ (COLLEGE COLOUR)

1. ਉਹ ਵਿਦਿਆਰਥੀ, ਜਿਸ ਨੇ ਜਿਸਨੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।
2. ਕਾਲਜ ਕਲਰ ਕਾਲਜ ਵਿਚ ਪੜ੍ਹਾਈਆਂ ਜਾਣ ਵਾਲੀਆਂ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ। ਭਾਵ ਐਮ. ਕਾਮ. ਅਤੇ ਐਮ ਐਸ ਸੀ (ਆਈ. ਟੀ.) ਪਹਿਲਾਂ ਅਤੇ ਦੂਜਾ ਭਾਗ, ਬੀ. ਕਾਮ. ਬੀ. ਸੀ. ਏ. ਅਤੇ ਪੀ. ਜੀ. ਡੀ. ਸੀ. ਏ. ਪਹਿਲਾ, ਦੂਜਾ ਅਤੇ ਤੀਜਾ ਭਾਗ।

### 3. ਮੈਰਿਟ ਸਰਟੀਫਿਕੇਟ (MERIT CERTIFICATE)

1. ਕਾਲਜ ਵਿਚ ਪੜ੍ਹਾਈਆਂ ਜਾਂਦੀਆਂ ਸਾਰੀਆਂ ਕਲਾਸਾਂ ਲਈ ਦਿੱਤੇ ਜਾਣਗੇ।
2. ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਕਾਲਜ ਪੱਧਰ ਤੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਕੁੱਲ ਪ੍ਰਾਪਤ ਅੰਕਾਂ ਦੇ ਅਧਾਰ ਤੇ ਪਹਿਲੇ, ਦੂਜੇ ਜਾਂ ਤੀਜੇ ਸਥਾਨ ਤੇ ਰਹੇ ਅਤੇ ਉਹ ਵਿਦਿਆਰਥੀ ਜੋ ਹਰ ਵਿਸ਼ੇ ਵਿੱਚ ਯੂਨੀਵਰਸਿਟੀ ਪ੍ਰੀਖਿਆ ਵਿੱਚ ਪਹਿਲੇ ਸਥਾਨ ਤੇ ਰਹੇ।
3. ਹਰੇਕ ਸਾਲ Best Library User Award ਲਈ ਚੁਣੇ ਗਏ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਵੇਗਾ।

## ਸਪੋਰਟਸ (SPORTS)

### 1. ਰੋਲ ਆਫ ਆਨਰ (ROLL OF HONOUR)

1. ਇੰਟਰਨੈਸ਼ਨਲ ਪੱਧਰ ਦੀ ਪ੍ਰਾਪਤੀ।
2. ਨੈਸ਼ਨਲ ਖੇਡ ਮੁਕਾਬਲਿਆਂ ਵਿਚ ਵਿਅਕਤੀਗਤ ਤੋਰ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਖਿਡਾਰੀ

   ਜਾਂ

   ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿਚ ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਅੰਤਰ ਯੂਨੀਵਰਸਿਟੀ ਨੋਰਥ ਜੋਨ ਯੂਨੀਵਰਸਿਟੀ ਵਿਅਕਤੀਗਤ ਤੌਰ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾਂ ਜਾਂ ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ।

   ਜਾਂ

   ਨੈਸ਼ਨਲ ਜਾਂ ਯੂਨੀਵਰਸਿਟੀ ਟੀਮ ਦਾ ਮੈਂਬਰ, ਖਿਡਾਰੀ। ਸਟੇਟ (ਸੀਨੀਅਰ) ਦੇ ਮੁਕਾਬਲਿਆਂ ਵਿਚ ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਖਿਡਾਰੀ।
3. ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।
4. ਕਿਸੇ ਵਿਦਿਆਰਥੀ ਨੂੰ ਰੋਲ ਆਫ ਆਨਰ ਦੂਜੀ ਵਾਰ ਤਾਂ ਹੀ ਪ੍ਰਦਾਨ ਕੀਤਾ ਜਾਵੇਗਾ, ਜੇਕਰ ਉਸ ਨੇ ਇੱਕ ਵਖਰੇ ਹੀ ਖੇਤਰ ਵਿਚ ਉਪਰੋਕਤ ਅਨੁਸਾਰ ਕੋਈ ਉੱਘੀ ਪ੍ਰਾਪਤੀ ਹਾਸਲ ਕੀਤੀ ਹੋਵੇ।

**ਨੋਟ: ਕੇਵਲ ਉਨ੍ਹਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ। ਜੋ ਪੰਜਾਬੀ ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਮਾਨਿਤ ਹੋਣਗੇ।**

### 2. ਕਾਲਜ ਕਲਰ (COLLEGE COLOUR)

1. ਕਾਲਜ ਕਲਰ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।
2. ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾਂ ਕਰਨ ਵਾਲਾ ਖਿਡਾਰੀ। ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਖਿਡਾਰੀ।
3. ਯੂਨੀਵਰਸਿਟੀ ਪੱਧਰ ਤੇ ਖੇਡਾਂ ਵਿਚ ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਖਿਡਾਰੀ ਜਾਂ ਨੋਰਥ ਜੋਨ ਅੰਤਰ-ਯੂਨੀਵਰਸਿਟੀ ਪ੍ਰਤੀਯੋਗਿਤਾਵਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀ।
4. ਸਟੇਟ ਚੈਂਪੀਅਨਸ਼ਿਪ (ਸੀਨੀਅਰ) ਦੇ ਮੁਕਾਬਲਿਆਂ ਵਿਚ ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।
5. ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।
6. ਕਾਲਜ ਦਾ ਸਰਵੋਤਮ ਐਥਲੀਟ (ਪੁਰਸ਼ ਅਤੇ ਇਸਤਰੀ)

### 3. ਮੈਰਿਟ ਸਰਟੀਫਿਕੇਟ (MERIT CERTIFICATE)

1. ਸਾਰੀਆਂ ਕਲਾਸਾਂ ਨੂੰ ਦਿੱਤੇ ਜਾਣਗੇ।
2. ਅੰਤਰ-ਕਾਲਜ ਮੁਕਾਬਲਿਆਂ ਵਿਚ ਵਿਅਕਤੀਗਤ ਜਾਂ ਟੀਮ ਦੇ ਮੈਂਬਰ ਵਜੋਂ ਪਹਿਲਾ, ਦੂਜਾ, ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

## ਸਭਿਆਚਾਰਕ ਗਤੀਵਿਧੀਆਂ (CULTURAL ACTIVITIES)

### 1. ਰੋਲ ਆਫ ਆਨਰ (ROLL OF HONOUR)

1. ਜੋ ਵਿਦਿਆਰਥੀ ਕਿਸੇ ਮਾਨਤਾ ਪ੍ਰਾਪਤ ਆਲ ਇੰਡੀਆ ਪੱਧਰ ਦੀ ਸੰਸਥਾ ਵਲੋਂ ਕਰਵਾਈਆਂ ਗਈਆਂ ਸਭਿਆਚਾਰਕ ਸਰਗਰਮੀਆਂ ਵਿਚੋਂ ਕਿਸੇ ਵੀ ਸਰਗਰਮੀਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਹੋਵੇ।
2. ਰਾਸ਼ਟਰੀ ਪੱਧਰ ਤੇ ਅੰਤਰ ਯੂਨੀਵਰਸਿਟੀ/ਅੰਤਰ ਰਾਜੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਜੇਤੂ ਟੀਮ ਦਾ ਮੈਂਬਰ।

### 2. ਕਾਲਜ ਕਲਰ (COLLEGE COLOUR)

1. ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।
2. ਅੰਤਰ-ਕਾਲਜ ਮੁਕਾਬਲਿਆਂ ਵਿਚ:

   (ੳ) ਇੱਕ ਪਹਿਲਾ ਅਤੇ ਇੱਕ ਦੂਜਾ ਜਾਂ ਦੋ ਦੂਜੇ ਅਤੇ ਇੱਕ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।

   (ਅ) ਇੱਕ ਦੂਜਾ ਅਤੇ ਦੋ ਤੀਜੇ ਸਥਾਨ ਪ੍ਰਾਪਤ ਕਰਨ ਵਾਲਾ, ਉਹ ਵਿਦਿਆਰਥੀ ਜਿਸ ਨੇ ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਇਹ ਪ੍ਰਾਪਤੀਆਂ ਕੀਤੀਆਂ ਹੋਣ।

   ਜਾਂ
3. ਜ਼ੋਨਲ ਪੱਧਰ ਤੇ ਪਹਿਲਾ ਜਾਂ ਦੂਜਾ ਇਨਾਮ ਪ੍ਰਾਪਤ ਕਰਨ ਵਾਲਾ ਵਿਦਿਆਰਥੀ (ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ)
4. ਰਾਜ ਜਾਂ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਯੁਵਕ ਸੇਵਾਵਾਂ ਦੇ ਵਿਦਿਆਰਥੀ/ ਟੀਮ ਦੇ ਮੈਂਸ਼ਰ।

### 3. ਮੈਰਿਟ ਸਰਟੀਫਿਕੇਟ (MERIT CERTIFICATE)

1. ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।
2. ਅੰਤਰ-ਕਾਲਜ ਮੁਕਾਬਲਿਆਂ ਵਿਚੋਂ ਵਿਅਕਤੀਗਤ ਤੋਰ ਤੇ ਜਾਂ ਟੀਮ ਦੇ ਮੈਂਬਰ ਵਜੋਂ ਪਹਿਲਾ, ਦੂਜਾ ਤੀਜਾ ਜਾਂ ਚੌਥਾ ਸਥਾਨ ਪ੍ਰਾਪਤ ਕੀਤਾ ਹੋਵੇ।

## ਐਨ. ਸੀ. ਸੀ. (N.C.C.)

### 1. ਰੋਲ ਆਫ ਆਨਰ (ROLL OF HONOUR)

1. ਵਿਦਿਆਰਥੀ ਕੈਡਿਟ ਵਿਦੇਸ਼ਾਂ ਵਿਚ ਜਾਣ ਵਾਲੀ ਕਿਸੇ ਵੀ ਭਾਰਤੀ ਐਨ. ਸੀ. ਸੀ. ਟੀਮ ਦਾ ਮੈਂਬਰ ਹੋਵੇ।

   ਜਾਂ
2. ਰਿਪਬਲਿਕ ਡੇ ਪਰੇਡ ਅਤੇ ਪ੍ਰਧਾਨ ਮੰਤਰੀ ਰੈਲੀ ਜਾਂ ਐਨ. ਸੀ. ਸੀ. ਸਰਵ-ਭਾਰਤੀ ਮੁਕਾਬਲਿਆਂ ਵਿਚ ਪਹਿਲੀ ਜਾਂ ਦੂਸਰੀ ਪੁਜ਼ੀਸ਼ਨ ਕਿਸੇ ਵਿਅਕਤੀਗਤ ਮੁਕਾਬਲੇ ਵਿਚ ਹਾਸਲ ਕੀਤੀ ਹੋਵੇ।
3. ਕੰਟੀਜੈਂਟ ਦਾ ਮੈਂਬਰ, ਸਰਵ-ਭਾਰਤੀ ਮੁਕਾਬਲਿਆਂ ਵਿਚ ਭਾਗ ਲੈਣ ਵਾਲੀ ਟੀਮ ਦਾ ਮੈਂਬਰ, ਜਿਸ ਨੂੰ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਹੋਵੇ।
4. ਡਾਇਰੇਕਟਰ ਜਰਨਲ ਐਨ. ਸੀ. ਸੀ. ਦੁਆਰਾ ਲਗਾਏ ਗਏ ਕਿਸੇ ਸਰਵ-ਭਾਰਤੀ ਕੈਂਪ/ ਕੋਰਸ/ ਟਰੇਨਿੰਗ ਆਦਿ ਦਾ ਸਰਵੋਤਮ ਕੈਡਿਟ ਘੋਸ਼ਿਤ ਕੀਤਾ ਗਿਆ ਹੋਵੇ।
5. ਕੋਈ ਅਜਿਹੀ ਬਹਾਦਰੀ ਜਾਂ ਲਿਆਕਤ ਵਿਖਾਈ ਹੋਵੇ, ਜਿਸ ਕਰਕੇ ਉਸ ਨੂੰ ਡੀ. ਜੀ. ਐਨ. ਸੀ. ਸੀ. ਜਾਂ ਡਿਫੈਂਸ ਸਕੱਤਰ, ਕੇਂਦਰ ਸਰਕਾਰ ਵਲੋਂ ਕੋਈ ਇਨਾਮ ਜਾਂ ਸਨਮਾਨ ਪੱਤਰ ਦਿੱਤਾ ਗਿਆ ਹੋਵੇ।

### 2. ਕਾਲਜ ਕਲਰ (COLLEGE COLOUR)

1. ਕਾਲਜ ਦੀਆਂ ਸਾਰੀਆਂ ਕਲਾਸਾਂ ਨੂੰ ਦਿੱਤਾ ਜਾਵੇਗਾ।
2. ਜਿਹੜੇ ਕੈਡਿਟ ਨੇ ਘੱਟੋ-ਘੱਟ ਕਾਲਜ ਦੀ ਯੂਨਿਟ ਦਾ ਅੰਡਰ-ਆਫੀਸਰ ਦਾ ਰੈਂਕ ਹਾਸਲ ਕੀਤਾ ਹੋਵੇ।
3. ਡੀ. ਜੀ. ਐਨ. ਸੀ. ਸੀ. ਦੁਆਰਾ ਲਗਾਏ ਸਰਵ-ਭਾਰਤੀ ਕੈਂਪ/ਕੋਰਸ/ਟਰੇਨਿੰਗ ਕੈਂਪ ਵਿੱਚ ਭਾਗ ਲਿਆ ਹੋਵੇ।
4. ਕਾਲਜ ਦਾ ਇੰਚਾਰਜ / ਪਾਰਟ-ਟਾਇਮ ਅਫਸਰ ਉਸ ਦੀ ਪਰਫਾਰਮੈਂਸ, ਕੰਟਰੋਲ ਅਤੇ ਉਸ ਦੇ ਸਲੂਕ ਤੋਂ ਸੰਤੁਸ਼ਟ ਹੋਵੇ।

### 3. ਮੈਰਿਟ ਸਰਟੀਫਿਕੇਟ (MERIT CERTIFICATE)

1. ਸਾਰੀਆਂ ਕਲਾਸਾਂ ਨੂੰ ਦਿੱਤੇ ਜਾਣਗੇ।
2. ਕੈਡਿਟ ਅਤਿ ਦਰਜੇ ਦਾ ਅਨੁਸ਼ਾਸਨ ਵਿਚ ਰਹਿਣ ਵਾਲਾ, ਵਰਦੀ ਨੂੰ ਬਹੁਤ ਦਿਲਚਸਪੀ ਨਾਲ ਤਿਆਰੀ ਕਰਕੇ ਪਹਿਨਣ ਵਾਲਾ ਅਤੇ ਅਤਿ ਚੁਸਤ ਲੱਗਣ ਵਾਲਾ ਹੋਣਾ ਚਾਹੀਦਾ ਹੈ।
3. ਕੈਂਪਾਂ /ਕੋਰਸਾਂ ਉੱਤੇ ਕੋਈ ਵਿਸ਼ੇਸ਼ ਮਾਣ-ਪੱਤਰ ਸ਼ਲਾਘਾ-ਪੱਤਰ ਹਾਸਿਲ ਕੀਤਾ ਹੋਵੇ।
4. ਕਾਲਜ ਦਾ ਇੰਚਾਰਜ / ਪਾਰਟ-ਟਾਇਮ ਅਫਸਰ ਉਸ ਦੀ ਪਰਫਾਰਮੈਂਸ, ਕੰਟਰੋਲ ਅਤੇ ਉਸ ਦੇ ਸਲੂਕ ਤੋਂ ਸੰਤੁਸ਼ਟ ਹੋਵੇ।

## ਐਨ. ਐਸ. ਐਸ. (N.S.S.)

### 1. ਰੋਲ ਆਫ ਆਨਰ (ROLL OF HONOUR)

1. ਨੈਸ਼ਨਲ ਪੱਧਰ ਦੇ ਕੈਂਪਾਂ ਲਈ ਵਿਅਕਤੀਗਤ ਤੋਰ ਜਾਂ ਟੀਮ ਦੇ ਮੈਂਬਰ ਵਜੋਂ ਚੁਣਿਆ ਗਿਆ ਵਲੰਟੀਅਰ।
2. ਸਟੇਟ ਜਾਂ ਯੂਨੀਵਰਸਿਟੀ ਪੱਧਰ ਤੇ ਲਗਾਏ ਗਏ ਕੈਪਾਂ ਵਿਚ ਭਾਗ ਲਿਆ ਹੋਵੇ।
3. ਕਾਲਜ ਦੇ ਸੱਤ ਰੋਜ਼ਾ ਕੈਂਪਾਂ ਵਿੱਚ ਸਰਵੋਤਮ ਵਲੰਟੀਅਰ (ਲੜਕੇ ਅਤੇ ਲੜਕੀਆਂ ਵਿੱਚੋਂ) ਘੋਸ਼ਿਤ ਕੀਤਾ ਗਿਆ ਹੋਵੇ।
4. ਤਿੰਨ ਵਾਰ ਖੂਨਦਾਨ ਕੀਤਾ ਹੋਵੇ।
5. ਵੰਲਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।

### 2. ਕਾਲਜ ਕਲਰ (COLLEGE COLOUR)

1. ਕਾਲਜ ਕਲਰ ਸਾਰੀਆਂ ਕਲਾਸਾਂ ਨੂੰ ਦਿੱਤਾ ਜਾਵੇਗਾ।
2. ਕਾਲਜ ਦੇ 7 ਰੋਜ਼ਾ ਕੈਂਪਾਂ ਵਿੱਚ ਚੰਗਾ ਵਲੰਟੀਅਰ ਰਿਹਾ ਹੋਵੇ।
3. ਦੋ ਵਾਰ ਖੂਨਦਾਨ ਕੀਤਾ ਹੋਵੇ।
4. ਵੰਲਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।

### 3. ਮੈਰਿਟ ਸਰਟੀਫਿਕੇਟ (MERIT CERTIFICATE)

1. ਸਾਰੀਆਂ ਕਲਾਸਾਂ ਨੂੰ ਦਿੱਤੇ ਜਾਣਗੇ।
2. ਕਾਲਜ ਦੇ ਇੱਕ ਰੋਜ਼ਾ ਕੈਂਪਾਂ ਵਿਚ ਸਰਵੋਤਮ ਵਲੰਟੀਅਰ ਘੋਸ਼ਿਤ ਕੀਤਾ ਗਿਆ ਹੋਵੇ।
3. ਘੱਟੋ-ਘੱਟ ਇੱਕ ਵਾਰ ਖੂਨਦਾਨ ਕੀਤਾ ਹੋਵੇ।
4. ਕਾਲਜ ਦੇ ਸੱਤ ਰੋਜਾਂ ਕੈਪਾਂ ਵਿੱਚ ਵਧੀਆ ਕਾਰਗੁਜਾਰੀ ਕਾਰਨ ਕਿਸੇ ਕਾਰਜ ਲਈ ਸਰਵੋਤਮ (ਲੜਕੇ ਅਤੇ ਲੜਕੀਆਂ ਵਿੱਚੋਂ) ਐਲਾਨਿਆ ਗਿਆ ਹੋਵੇ।
5. ਵੰਲਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।

## ਅਤਿ ਜ਼ਰੂਰੀ (IMPORTANT NOTE)

1. ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਲਜ ਦੇ ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਪ੍ਰਾਸਪੈਕਟਸ ਵਿੱਚ ਬਿਨਾਂ ਦੱਸੇ ਕੋਈ ਵੀ ਤਬਦੀਲੀ ਕਰ ਸਕਦੇ ਹਨ। ਪ੍ਰਾਸਪੈਕਟਸ ਛੱਪਣ ਤੋਂ ਬਾਅਦ, ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਰਾਹੀਂ ਕੀਤੀਆਂ ਫੀਸਾਂ/ਨਿਯਮਾਂ/ਵਿਸ਼ਿਆਂ ਅਤੇ ਸਿਲੇਬਸਾਂ ਵਿੱਚ ਸੋਧਾਂ ਲਾਗੂ ਹੋਣਗੀਆਂ।
2. ਦਾਖਲੇ ਸੰਬੰਧੀ ਨਿਯਮਾਂ ਵਿਚ ਕੋਈ ਤਬਦੀਲੀ ਪ੍ਰਿੰਸੀਪਲ ਦੁਆਰਾ ਕਿਸੇ ਵੀ ਸਮੇਂ ਨੋਟਿਸ ਬੋਰਡ ਤੇ ਸੂਚਨਾ ਲਗਾ ਕੇ ਕੀਤੀ ਜਾ ਸਕਦੀ ਹੈ।
3. ਉਮੀਦਵਾਰ ਦਾਖ਼ਲਾ ਫਾਰਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਪ੍ਰਾਸਪੈਕਟਸ ਵਿਚ ਦਰਸਾਏ ਦਾਖਲੇ ਸੰਬੰਧੀ ਪ੍ਰੋਗਰਾਮ/ਸ਼ੈਡਿਯੂਲ ਅਤੇ ਹੋਰ ਨਿਯਮ ਧਿਆਨ ਨਾਲ ਪੜ੍ਹ ਲੈਣ।
4. ਬੀ. ਕਾਮ. ਭਾਗ ਪਹਿਲਾ ਅਤੇ ਐਮ.ਕਾਮ. ਭਾਗ ਪਹਿਲਾ ਦੀਆਂ ਕਲਾਸਾਂ ਵਿਚ ਦਾਖਲਾ ਕੇਵਲ ਮੈਰਿਟ ਦੇ ਆਧਾਰ ਤੇ ਹੀ ਕੀਤਾ ਜਾਵੇਗਾ।
5. ਦਾਖਲੇ ਸੰਬਧੀ ਜਾਂ ਖਾਲੀ ਸੀਟਾਂ ਭਰਨ ਸਬੰਧੀ ਕੋਈ ਵੀ ਸੂਚਨਾ ਕਾਲਜ ਨੋਟਿਸ ਬੋਰਡ ਤੇ ਲਗਾਏ ਨੋਟਿਸਾਂ/ਕਾਲਜ ਵੈਬਸਾਇਟ ਰਾਹੀਂ ਸਮੇਂ ਸਮੇਂ ਤੇ ਦਿੱਤੀ ਜਾਂਦੀ ਰਹੇਗੀ।

## ਪੰਜਾਬੀ ਯੂਨੀਵਰਸਿਟੀ ਦੁਆਰਾ ਜਾਰੀ ਦਾਖ਼ਲਿਆਂ, ਪ੍ਰੀਖਿਆਵਾਂ ਅਤੇ ਛੁੱਟੀਆ ਦਾ ਸ਼ਡਿਊਲ

| | ਦਾਖਲਿਆਂ ਦਾ ਸ਼ਡਿਊਲ | |
|---|---|---|
| | ਰੈਗੂਲਰ ਦਾਖਲੇ ਬਿਨਾਂ ਲੇਟ ਫੀਸ | 17.07.2017 ਤੱਕ |
| 1 | 500/- ਰੁਪਏ ਲੇਟ ਫੀਸ ਨਾਲ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 18.07.2017 ਤੋਂ 29.07.2017 ਤੱਕ |
| 2 | 1000/- ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 01.08.2017 ਤੋਂ 10.08.2017 ਤੱਕ |
| 3 | 1500/- ਰੁਪਏ ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। | 11.08.2017 ਤੋਂ 19.08.2017 ਤੱਕ |
| 4 | 2000/- ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21.08.2017 ਤੋਂ 31.08.2017 ਤੱਕ |

| | ਸਮੈਸਟਰ ਸਿਸਟਮ ਦੀ ਪੜ੍ਹਾਈ | |
|---|---|---|
| 1 | ਪਹਿਲੇ/ਤੀਜੇ ਅਤੇ ਪੰਜਵੇਂ ਸਮੈਸਟਰ ਦੀ ਪੜ੍ਹਾਈ | 17.07.2017 ਤੋਂ 21.11.2017 ਤੱਕ |
| 2 | ਪਹਿਲੇ/ਤੀਜੇ ਅਤੇ ਪੰਜਵੇਂ ਸਮੈਸਟਰ ਦੇ ਇਮਤਿਹਾਨ | 24.11.2017 ਤੋਂ ਆਰੰਭ |
| 3 | ਦੂਜੇ/ਚੌਥੇ ਅਤੇ ਛੇਵੇਂ ਸਮੈਸਟਰ ਦੀ ਪੜ੍ਹਾਈ | 08.01.2018 ਤੋਂ 02.05.2018 ਤੱਕ |
| 4 | ਦੂਜੇ/ਚੌਥੇ ਅਤੇ ਛੇਵੇਂ ਸਮੈਸਟਰ ਦੇ ਇਮਤਿਹਾਨ | 05.05.2018 ਤੋਂ ਆਰੰਭ |

| | ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ | |
|---|---|---|
| 1 | ਗਰਮੀ ਦੀਆਂ ਛੁੱਟੀਆਂ | 30.05.2017 ਤੋਂ 08.07.2017 ਤੱਕ |
| 2 | ਪੱਤ ਝੜ ਦੀਆਂ ਛੁੱਟੀਆਂ | 28.09.2017 ਤੋਂ 09.10.2017 ਤੱਕ |
| 2 | ਕਾਲਜ ਖੁੱਲਣ ਦੀ ਮਿਤੀ | 10.07.2017 |
| 3 | ਸਰਦੀ ਦੀਆਂ ਛੁੱਟੀਆਂ | 26.12.2017 ਤੋਂ 06.01.2018 ਤੱਕ |



## ਦਾਖਲੇ ਦਾ ਪ੍ਰੋਗਰਾਮ (Admission Schedule)
## (ਦਾਖ਼ਲਾ ਸਵੇਰੇ 9 ਵਜੇ ਸ਼ੁਰੂ ਹੋਵੇਗਾ)

| ਕਲਾਸ | ਦਾਖਲਾ ਫ਼ਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | ਇੰਟਰਵਿਊ ਪ੍ਰੋਗਰਾਮ | ਇੰਟਰਵਿਊ ਦਾ ਸਥਾਨ |
|---|---|---|---|
| ਬੀ. ਕਾਮ. I | 30-06-2017 | 10-07-2017: (ਸੋਮਵਾਰ) (1) ਸਾਰੇ ਕੈਟਾਗਰੀਆਂ ਦੀ ਸਾਂਝੀ (Common) ਜਰਨਲ ਮੈਰਿਟ ਦੇ ਪਹਿਲੇ 200 ਰੈਂਕ<br>(2) ਐਸ.ਸੀ./ਐਸ.ਟੀ. ਕੈਟਾਗਰੀ ਦੀ ਮੈਰਿਟ ਸੁਚੀ ਵਿੱਚ ਪਹਿਲੇ 100 ਰੈਂਕ ਤੱਕ ਦੇ ਵਿਦਿਆਰਥੀ।<br>11-07-2017: (ਮੰਗਲਵਾਰ) ਬਾਕੀ ਸਾਰੀਆਂ ਰਿਜ਼ਰਵ ਕੈਟਾਗਰੀਆਂ<br>ਬੀ.ਸੀ./ਓ.ਬੀ.ਸੀ. ਕੈਟਾਗਰੀ ਪਹਿਲੇ 60 ਰੈਂਕ ਤੱਕ<br>ਹੈਂਡੀਕੈਪਡ ਕੈਟਾਗਰੀ ਪਹਿਲੇ 20 ਰੈਂਕ ਤੱਕ<br>ਰੂਰਲ ਏਰੀਆ ਕੈਟਾਗਰੀ ਪਹਿਲੇ 60 ਰੈਂਕ ਤੱਕ<br>ਡਿਫੈਂਸ, ਟੀਚਰ ਵਾਰਡ, ਫਰੀਡਮ ਫਾਇਟਰ, ਬਾਰਡਰ ਏਰੀਆ, ਦੰਗਾ ਪੀੜਤ ਕੈਟਾਗਰੀਆਂ ਦੇ ਪਹਿਲੇ 15 ਰੈਂਕ ਤੱਕ।<br>12-07-2017: (ਬੁੱਧਵਾਰ) ਬਾਕੀ ਰਹਿੰਦੀਆਂ ਕੈਟਾਗਰੀਆਂ ਅਤੇ ਖਾਲੀ ਬਚੀਆਂ ਸੀਟਾਂ। | ਮਲਟੀਪਰਪਜ਼ ਹਾਲ<br>ਮਲਟੀਪਰਪਜ਼ ਹਾਲ |
| ਬੀ. ਕਾਮ. II | 12-07-2017 | 12-07-2017 : (ਬੁੱਧਵਾਰ) ਕਾਲਜ ਦੇ ਸਾਰੇ ਵਿਦਿਆਰਥੀ<br>13-07-2017: (ਵੀਰਵਾਰ) ਬਾਕੀ ਰਹਿੰਦੀਆਂ ਸਾਰੀਆਂ ਸੀਟਾਂ | ਕਮਰਾ ਨੰ: 3 |
| ਬੀ. ਕਾਮ. III | 12-07-2017 | 13-07-2017 : (ਵੀਰਵਾਰ) ਕਾਲਜ ਦੇ ਸਾਰੇ ਵਿਦਿਆਰਥੀ<br>14-07-2017 : (ਸ਼ੁੱਕਰਵਾਰ) ਬਾਕੀ ਰਹਿੰਦੀਆਂ ਖਾਲੀ ਸੀਟਾਂ ਲਈ | ਕਮਰਾ ਨੰ: 3 |
| ਐਮ. ਕਾਮ. I | (ਬੀ. ਕਾਮ ਭਾਗ-III ਜਾਂ ਬਰਾਬਰ ਦੀ ਕਲਾਸ ਦਾ ਨਤੀਜਾ ਨਿਕਲਣ ਤੋਂ ਪੰਜ ਦਿਨਾਂ ਦੇ ਅੰਦਰ | ਇੰਟਰਵਿਊ ਦੀ ਮਿਤੀ ਦੀ ਜਾਣਕਾਰੀ ਕਾਲਜ ਨੋਟਿਸ ਬੋਰਡ ਤੇ ਅਤੇ ਵੈਬਸਾਇਟ ਤੇ ਦਿੱਤੀ ਜਾਵੇਗੀ। | ਕਮਰਾ ਨੰ: 3 |
| ਐਮ. ਕਾਮ. II | 12-07-2017 | 15-07-2017 : (ਸ਼ਨੀਵਾਰ) ਕਾਲਜ ਦੇ ਸਾਰੇ ਵਿਦਿਆਰਥੀ | ਕਮਰਾ ਨੰ: 2 |
| | ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS) ਅਧੀਨ ਚੱਲ ਰਹੇ ਕੋਰਸ | | |
| ਬੀ. ਸੀ. ਏ. I | On First Come First Serve Basis | 05-07-2017 : (ਬੁੱਧਵਾਰ) ਤੋਂ ਸੀਟਾਂ ਪੂਰੀਆਂ ਹੋਣ ਤੱਕ | ਕੰਪਿਊਟਰ ਲੈਬ ਨੰ: 2 |
| ਬੀ. ਸੀ. ਏ. II | 09-07-2047 | 10-07-2017 : (ਸੋਮਵਾਰ) ਸਾਰੇ ਵਿਦਿਆਰਥੀ | |
| ਬੀ. ਸੀ. ਏ. III | 10-07-2017 | 11-07-2017 : (ਮੰਗਲਵਾਰ) ਸਾਰੇ ਵਿਦਿਆਰਥੀ | |
| ਐਮ. ਐਸ. ਸੀ. (IT)-I ਅਤੇ ਪੀ. ਜੀ. ਡੀ. ਸੀ. ਏ | On First Come First Serve Basis | 12-07-2017 : (ਬੁੱਧਵਾਰ) | |
| ਐਮ. ਐਸ. ਸੀ. (IT)-II (ਲੇਟਰਲ ਐਂਟਰੀ) | | 12-07-2017 : (ਬੁੱਧਵਾਰ) ਜਾਂ ਪੰਜਾਬ ਯੂਨੀਵਰਸਿਟੀ ਪਟਿਆਲਾ ਪੀ.ਜੀ.ਡੀ.ਸੀ.ਏ. ਦਾ ਨਤੀਜਾ ਨਿਕਲਣ ਤੋਂ 5 ਦਿਨਾਂ ਦੇ ਅੰਦਰ | |

**ਨੋਟ :**
1. ਦਾਖਲੇ ਲਈ ਆਨਲਾਇਨ ਫਾਰਮ ਭਰ ਕੇ ਉਸਦੀ ਕਾਪੀ ਡਾਊਨਲੋਡ ਕਰਕੇ ਸਾਰੇ ਸਬੰਧਤ ਸਰਟੀਫਿਕੇਟ ਅਤੇ ਦਸਤਾਵੇਜਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਇੰਟਰਵਿਊ ਸਮੇਂ ਲਿਆਉਣੀਆਂ ਜ਼ਰੂਰੀ ਹਨ।
2. ਦਾਖਲੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਸਬੰਧੀ ਲੋੜੀਂਦੀ ਸੂਚਨਾਂ ਕੇਵਲ ਕਾਲਜ ਵੈਬਸਾਇਟ ਜਾਂ ਕਾਲਜ ਨੋਟਿਸ ਬੋਰਤ ਤੇ ਹੀ ਲਗਾਈ ਜਾਵੇਗੀ।
3. **ਗਰਮੀ ਦੀਆਂ ਛੁੱਟੀਆਂ (30.05.2017 ਤੋਂ 08.07.2017) ਦੌਰਾਨ ਕਾਲਜ ਦਫ਼ਤਰ ਹਰ ਸ਼ਨੀਵਾਰ ਬੰਦ ਰਹੇਗਾ।**